# ਮਹਾਨ ਮੁਕਤੀ

ਬਖਤ ਸਿੰਘ

5 ਅਤੇ 6)। ਉਸ ਦਿਨ ਨੂੰ ਯਾਦ ਕਰੋ ਜਦੋਂ ਪਰਮੇਸ਼ੁਰ ਨੇ ਸਵਰਗਦੂਤਾਂ ਦੇ ਨਾਲ ਇਸ ਭੇਤ ਨੂੰ ਖੋਲ੍ਹ ਦਿੱਤਾ, ਅਤੇ ਇਸ ਨਵੀਂ ਸਰਿਸ਼ਟੀ ਦੇ ਬਾਰੇ ਵਿਚ ਦੱਸਿਆ। ਉਹ ਆਖਦਾ ਹੈ ਕਿ ਕਿਸ ਤਰ੍ਹਾਂ ਇਹ ਵਰਤਮਾਨ ਸੰਸਾਰ ਖ਼ਤਮ ਹੋ ਜਾਵੇਗਾ ਅਤੇ ਉਹ ਇਕ ਨਵੀਂ ਸਰਿਸ਼ਟੀ ਨੂੰ ਬਣਾਏਗਾ ਜੋ ਸਵਰਗਦੂਤਾਂ ਦੁਆਰਾ ਨਹੀਂ, ਸਗੋਂ ਮਨੁੱਖਾਂ ਦੁਆਰਾ ਪ੍ਰਸ਼ਾਸਨ ਕੀਤੀ ਜਾਵੇਗੀ। ਇਸ ਸਮਾਚਾਰ ਨਾਲ ਸਵਰਗਦੂਤਾਂ ਨੂੰ ਹਿਲਾ ਦੇਣ ਵਾਲਾ ਹੋਵੇਗਾ। "ਹੇ ਪਰਮੇਸ਼ੁਰ, ਤੂੰ ਮਨੁੱਖਾਂ ਦੀ ਐੱਨੀ ਚਿੰਤਾ ਕਿਉਂ ਕਰਦਾ ਹੈਂ? ਮਨੁੱਖ ਕੀ ਹੈ ਕਿ ਤੂੰ ਉਸ ਨੂੰ ਐੱਨਾ ਸਨਮਾਨ ਅਰਥਾਤ ਸ਼ਕਤੀ ਦੇਵੇ?" ਅਸੀਂ ਸਵਰਗਦੂਤਾਂ ਸਦਾ ਤੇਰੇ ਨਾਲ ਸਵਰਗ ਵਿਚ ਰਹਿ ਕੇ ਤੇਰੀ ਆਗਿਆ ਨੂੰ ਮੰਨਦੇ ਹਾਂ। ਪਰ ਇਹ ਮੂਰਖ ਮਨੁੱਖ ਹਮੇਸ਼ਾ ਤੈਨੂੰ ਪਰੇਸ਼ਾਨੀ ਵਿਚ ਪਾਉਂਦੇ ਹਨ। ਉਹ ਸਦਾ ਗੰਡੇ ਅਤੇ ਲਸਨ ਦੇ ਲਈ ਬੁੜਬੜਾਉਂਦੇ ਹਨ। ਫਿਰ ਵੀ ਤੂੰ ਉਨ੍ਹਾਂ ਨੂੰ ਐੱਨਾ ਸਨਮਾਨ ਅਰਥਾਤ ਸ਼ਕਤੀ ਦਿੰਦਾ ਹੈ। ਮਨੁੱਖ ਕੀ ਹੈ, ਮਨੁੱਖ ਕੀ ਹੈ ਕਿ ਤੂੰ ਉਸ ਨੂੰ ਚੇਤੇ ਕਰੇ? ਸ਼ਵਰਗ ਦੂਤ ਵੀ ਇਸ ਗੱਲ ਨੂੰ ਸਮਝਣ ਵਿਚ ਮੁਸ਼ਕਿਲ ਮਹਿਸੂਸ ਕਰਦੇ ਹਨ। ਫਿਰ ਵੀ ਪਰਮੇਸ਼ੁਰ ਦਾ ਵਚਨ ਇਵੇਂ ਹੀ ਕਹਿੰਦਾ ਹੈ, ਅਤੇ ਉਹ ਕਦੇ ਟਲਦਾ ਨਹੀਂ। ਅਸੀਂ ਵਿਸ਼ਵਾਸ ਕਰਦੇ ਹਾਂ।

ਹੁਣ ਇਹ ਕਿਵੇਂ ਸੰਭਵ ਹੋਇਆ? ਸਾਨੂੰ ਇਹ ਸਮਝਣਾ ਜ਼ਰੂਰੀ ਹੈ। ਇਹੀ ਕਾਰਨ ਹੈ ਕਿ ਅਸੀਂ ਮਹਾਨ ਮੁਕਤੀ ਤੇ ਮਨਨ ਕਰ ਰਹੇ ਹਾਂ। ਇਹ ਐੱਨਾ ਮਹਾਨ ਇਸ ਲਈ ਹੈ ਕਿ ਇਹ ਇਕ ਪਾਪ ਨੂੰ ਨਾਲੀ ਵਿੱਚੋਂ ਚੁੱਕ ਕੇ ਉਸ ਨੂੰ ਨਵੀਂ ਸਰਿਸ਼ਟੀ (ਸਵਰਗ) ਦਾ ਅਧਿਕਾਰੀ ਬਣਾਉਂਦਾ ਹੈ। ਇਸ ਸ਼ਹਿਰ ਦੇ ਕਈ ਇਲਾਕਿਆਂ ਵਿਚ ਮੈਲੇ ਕੱਪੜੇ ਪਾ ਕੇ ਬੈਠੇ ਹੋਏ ਭਿਖਾਰੀ ਦੀ ਕਲਪਨਾ ਕਰੋ। ਉਹ ਇਵੇਂ ਜਾਪਦਾ ਹੈ ਜਿਵੇਂ ਉਸ ਨੇ ਪਹਿਲਾਂ 35 ਸਾਲਾਂ ਵਿਚ ਕਦੇ ਨਹਾਇਆ ਹੀ ਨਾ ਹੋਵੇ। ਤੁਸੀਂ ਜਾ ਕੇ ਉਸ ਨੂੰ ਕੀ ਆਖੋਗੇ ਕਿ ਉਹ ਭਾਰਤ ਦਾ ਰਾਸ਼ਟਰਪਤੀ ਬਣਨ ਵਾਲਾ ਹੈ। ਕੀ ਉਹ ਤੁਹਾਡੇ ਤੇ ਵਿਸ਼ਵਾਸ ਕਰੇਗਾ? ਉਹ ਆਖੇਗਾ, "ਤੁਸੀਂ ਕੀ ਆਖ ਰਹੇ ਹੋ? ਮੈਨੂੰ ਵੇਖੋ, ਮੇਰੇ ਮੈਲੇ ਕੱਪੜੇ ਵੇਖੋ, ਮੇਰਾ ਬਦਸੂਰਤ ਅਤੇ ਬਦਬੂਦਾਰ ਮੂੰਹ



ਵੇਖੋ। ਮੈਂ ਰਾਸ਼ਟਰਪਤੀ ਕਿਵੇਂ ਬਣ ਸਕਦਾ ਹਾਂ?” ਪਰ ਅਸੀਂ ਪਾਪੀ ਮਨੁੱਖ ਉਸ ਭਿਖਾਰੀ ਤੋਂ ਵੀ ਵੱਧਕੇ ਹਾਂ, ਕਿਉਂਕਿ ਅਸੀਂ ਭ੍ਰਿਸ਼ਟਾਚਾਰ ਅਤੇ ਈਰਖਾ ਨਾਲ ਭਰੇ ਹੋਏ ਹਾਂ। ਇਸ ਦੇ ਬਾਵਜੂਦ ਵੀ ਪਰਮੇਸ਼ੁਰ ਸਾਨੂੰ ਨਵੀਂ ਸਰਿਸ਼ਟੀ ਦੇ ਰਾਜਪਾਲ ਅਤੇ ਅਧਿਕਾਰੀ ਬਣਾਉਣ ਵਾਲਾ ਹੈ। ਇਸ ਮੁਕਤੀ ਨੂੰ "ਮਹਾਨ ਮੁਕਤੀ" ਆਖਣ ਦਾ ਇਹੀ ਕਾਰਨ ਹੈ।

1. ਪ੍ਰਤਿ-ਸਥਾਨ
2. ਦੋਸ਼ ਮਾਫ਼ੀ
3. ਮੇਲ ਮਿਲਾਪ
4. ਛੁਟਕਾਰਾ
5. ਪਸ਼ਚਾਤਾਪ
6. ਪੁਨਰ-ਜਨਮ
7. ਪਹਿਚਾਣ
8. ਅਜ਼ਾਦੀ
9. ਪਰਿਵਰਤਨ
10. ਪੁੱਤਰਤਵ
11. ਸ਼ੁੱਧੀਕਰਨ
12. ਯਾਜਕਾਈਪਨ
13. ਬਾਦਸ਼ਾਹੀ
14. ਮਹਿਮਾ

ਇਹ ਮੁਕਤੀ ਦੇ ਚੌਦਾ ਪਹਿਲੂ ਹਨ। ਜਦੋਂ ਬੱਚੇ ਦਾ ਜਨਮ ਹੁੰਦਾ ਹੈ, ਉਸ ਦੀਆਂ ਹੱਡੀਆਂ ਮਾਸ ਪੇਸ਼ੀਆਂ ਅਰਥਾਤ ਸਾਰੇ ਅੰਗ ਠੀਕ-ਠਾਕ ਹੁੰਦੇ ਹਨ। ਘੋਸ਼ਣਾ ਦੁਆਰਾ ਉਨ੍ਹਾਂ ਦੀ ਉੱਨਤੀ ਹੁੰਦੀ ਹੈ। ਉਸੇ ਤਰ੍ਹਾਂ ਜਦੋਂ ਮਨੁੱਖ ਦਾ ਨਵਾਂ ਜਨਮ ਹੁੰਦਾ ਹੈ, ਤਾਂ ਉਸ ਨੂੰ ਸਦੀਪਕ ਜੀਵਨ ਦਿੱਤਾ ਜਾਂਦਾ ਹੈ ਅਤੇ ਰੂਹਾਨੀ ਰੂਪ ਨਾਲ ਇਹ ਸਾਰੇ ਚੌਦਾਂ ਪਹਿਲੂ ਉਸ ਦੇ ਬਣ ਜਾਂਦੇ ਹਨ। ਜਿਵੇਂ-ਜਿਵੇਂ ਉਹ ਵੱਧਦਾ ਜਾਂਦਾ ਹੈ, ਉਹ ਉਸ ਨੂੰ ਵੱਧ ਤੋਂ ਵੱਧ ਅਨੁਭਵ ਕਰਦਾ ਜਾਂਦਾ ਹੈ, ਜਿਸ ਤਰ੍ਹਾਂ ਸਰੀਰਿਕ ਰੂਪ ਨਾਲ ਜੰਮਿਆ ਬੱਚਾ ਵੱਧ ਕੇ ਦੌੜਦਾ ਹੈ, ਹੋਰ ਵੀ ਜ਼ਿਆਦਾ ਖਾਣਾ ਖਾਂਦਾ ਹੈ ਅਤੇ ਉਸ ਦੇ ਸਮਝ ਦਾ ਵੀ ਵਿਕਾਸ ਹੁੰਦਾ ਹੈ। ਜਿਸ ਤਰ੍ਹਾਂ ਇਸ ਬੱਚੇ ਦੇ ਸਰੀਰ ਵਿਚ ਹਰ ਇਕ ਤੱਤ ਹੁੰਦਾ ਹੈ, ਉਸੇ ਤਰ੍ਹਾਂ ਇਕ ਵਿਸ਼ਵਾਸੀ ਦੇ ਆਤਮਾ ਵਿਚ ਹੁੰਦਾ ਹੈ। ਆਤਮਿਕ ਉੱਨਤੀ ਦੇ ਦੁਆਰਾ ਉਹ ਇਸ ਮੁਕਤੀ ਦੇ ਭਿੰਨ-ਭਿੰਨ ਪਹਿਲੂਆਂ ਦਾ ਆਨੰਦ ਮਹਿਸੂਸ ਕਰਦਾ ਜਾਂਦਾ ਹੈ।

ਹੁੰਦੀ ਹੈ।

ਉੱਤਰੀ ਭਾਰਤ ਦੇ ਕਈ ਇਲਾਕਿਆਂ ਵਿਚ ਜਦੋਂ ਲੜਕੀ ਦਾ ਵਿਆਹ ਹੋ ਜਾਂਦਾ ਹੈ ਤਾਂ ਉਹ ਆਪਣੇ ਵਿਆਹ ਤੋਂ ਪਹਿਲਾਂ ਵਿਆਹ ਦੇ ਕੱਪੜੇ ਅਤੇ ਗਹਿਣੇ ਨਹੀਂ ਪਾ ਸਕਦੀ। ਵਿਆਹ ਦੇ ਬਾਅਦ ਉਹ ਸਿਰਫ਼ ਉਹੀ ਕੱਪੜੇ ਪਾਵੇਗੀ ਜੋ ਉਸ ਨੂੰ ਆਪਣੇ ਪਤੀ ਦੁਆਰਾ ਦਿੱਤੇ ਜਾਣਗੇ। ਇਸੇ ਤਰੀਕੇ ਨਾਲ ਅਸੀਂ ਵੀ ਪ੍ਰਭੂ ਯਿਸੂ ਮਸੀਹ ਦੀ ਧਾਰਮਿਕਤਾ ਨੂੰ ਪਹਿਣ ਲੈਂਦੇ ਹਾਂ। ਸਾਡੇ ਪੁਰਾਣੇ ਸੁਭਾਅ ਦੀ ਤੁਲਨਾ ਮੈਲੇ ਅਤੇ ਪਾਟੇ ਪੁਰਾਣੇ ਕੱਪੜੇ ਦੇ ਨਾਲ ਕੀਤੀ ਗਈ ਹੈ। ਅਸੀਂ ਨਵੇਂ ਕੱਪੜੇ ਪਹਿਣ ਲੈਂਦੇ ਹਾਂ, ਭਾਵ ਯਿਸੂ ਮਸੀਹ ਦੀ ਧਾਰਮਿਕਤਾ ਨੂੰ ਪਹਿਣਦੇ ਹਾਂ। ਅਸੀਂ ਅਰਾਧਨਾ ਸਭਾ ਵਿਚ ਜਾਣ ਨਾਲ ਜਾਂ ਪ੍ਰਾਰਥਨਾ ਨਾਲ ਧਰਮੀ ਨਹੀਂ ਬਣਦੇ। ਪਰ ਵਿਸ਼ਵਾਸ ਦੇ ਦੁਆਰਾ ਅਸੀਂ ਪ੍ਰਭੂ ਯਿਸੂ ਮਸੀਹ ਦੀ ਧਾਰਮਿਕਤਾ ਨੂੰ ਕਬੂਲ ਕਰਦੇ ਹਾਂ। ਜਦੋਂ ਪਰਮੇਸ਼ੁਰ ਮੈਨੂੰ ਵੇਖਦਾ ਹੈ ਤਾਂ ਉਹ ਮੇਰਾ ਪੁਰਾਣਾ ਸੁਭਾਅ ਨਹੀਂ, ਸਗੋਂ ਪ੍ਰਭੂ ਯਿਸੂ ਮਸੀਹ ਦੀ ਧਾਰਮਿਕਤਾ ਮੇਰੇ ਵਿਚ ਵੇਖਦਾ ਹੈ।

ਜਦੋਂ ਮੈਂ ਛੋਟਾ ਮੁੰਡਾ ਸੀ, ਮੈਂ ਦੂਜੇ ਮੁੰਡਿਆਂ ਨਾਲ ਖੇਡਦਾ ਸੀ। ਇਕ ਦਿਨ ਉਨ੍ਹਾਂ ਵਿੱਚੋਂ ਇਕ ਜੋ ਬਹੁਤ ਗੰਦਗੀ ਨਾਲ ਭਰਿਆ ਹੋਇਆ ਸੀ, ਮੈਂ ਉਸ ਨੂੰ ਘਰ ਲੈ ਆਇਆ। ਮੇਰੀ ਮਾਂ ਨੇ ਮੈਨੂੰ ਪੁੱਛਿਆ, "ਇਹ ਮੁੰਡਾ ਕੌਣ ਹੈ?" ਮੈਂ ਉਸ ਦਾ ਹੱਥ ਫੜ ਕੇ ਆਖਿਆ, "ਇਹ ਮੇਰਾ ਦੋਸਤ ਹੈ।" ਫਿਰ ਮੇਰੀ ਮਾਂ ਨੇ ਉਸ ਨੂੰ ਦੁੱਧ ਅਤੇ ਖਾਣ ਦੇ ਕੁਝ ਪਦਾਰਥ ਦਿੱਤੇ ਕਿਉਂਕਿ ਉਸ ਨੇ ਮੈਨੂੰ ਉਸ ਵਿਚ ਵੇਖਿਆ ਸੀ। ਜੇਕਰ ਉਹ ਇਕੱਲਾ ਆਉਂਦਾ ਤਾਂ ਮੇਰੀ ਮਾਂ ਉਸ ਨੂੰ ਆਪਣੇ ਘਰ ਵਿਚ ਅੰਦਰ ਆਉਣ ਨਾ ਦਿੰਦੀ। ਮੇਰੇ ਕਾਰਨ ਉਸਨੂੰ ਘਰ ਵਿਚ ਕਬੂਲ ਕੀਤਾ ਗਿਆ। ਧਾਰਮਿਕਤਾ ਦਾ ਇਹੀ ਮਤਲਬ ਹੈ। ਜਦ ਕਿ ਇਕ ਸਮੇਂ ਵਿਚ ਅਸੀਂ ਪਾਪੀ ਸੀ, ਅਸੀਂ ਦ੍ਰਿੜਤਾ ਦੇ ਨਾਲ ਸਵਰਗ ਵਿਚ ਦਾਖਿਲ ਹੁੰਦੇ ਹਾਂ। ਅਸੀਂ ਪਰਮੇਸ਼ੁਰ ਦੇ ਅਦਭੁੱਤ ਕੰਮਾਂ ਦਾ ਅਨੁਭਵ ਕਰਦੇ ਹਾਂ ਜੋ ਉਸ ਨੇ ਸਾਡੀ ਮੁਕਤੀ ਦੀ ਖ਼ਾਤਿਰ ਕੀਤਾ। ਉਹ ਦਰਅਸਲ ਆਪਣੀ ਖ਼ੁਦ ਦੀ ਧਾਰਮਿਕਤਾ ਸਾਨੂੰ ਦਿੰਦਾ ਹੈ।



ਇਕ ਵਾਰ ਕਿਸੇ ਇਕ ਗਰੀਬ ਮਨੁੱਖ ਨੂੰ ਰਾਜੇ ਨੇ ਖਾਣੇ ਦੇ ਲਈ ਬੁਲਾਇਆ। ਪਰ ਉਸ ਆਦਮੀ ਦੇ ਕੋਲ ਪਾਉਣ ਦੇ ਲਈ ਚੰਗੇ ਕੱਪੜੇ ਨਹੀਂ ਸਨ। ਰਾਜਾ ਇਹ ਗੱਲ ਜਾਣਦਾ ਸੀ ਇਸ ਲਈ ਉਸ ਨੇ ਇਕ ਨੌਕਰ ਦੇ ਰਾਹੀਂ ਉਸ ਦੇ ਲਈ ਆਪਣੇ ਖ਼ੁਦ ਦੇ ਕੱਪੜੇ ਭੇਜੇ। ਉਸ ਗਰੀਬ ਆਦਮੀ ਨੇ ਰਾਜੇ ਦੇ ਦਿੱਤੇ ਹੋਏ ਕੱਪੜੇ ਧਾਰਨ ਕੀਤੇ ਅਤੇ ਹਿਸਾਬ ਦੇ ਨਾਲ ਰਾਜ ਮਹਿਲ ਵਿਚ ਦਾਖਿਲ ਕੀਤਾ। ਦਰਬਾਰ ਵਿਚ ਹਾਜ਼ਰ ਸਾਰੇ ਲੋਕਾਂ ਨੇ ਉਸ ਦੇ ਪਹਿਨੇ ਹੋਏ ਕੱਪੜੇ ਦੇ ਕਾਰਨ ਉਸ ਦਾ ਸਨਮਾਨ ਕੀਤਾ। ਜਦੋਂ ਅਸੀਂ ਮੁਕਤੀ ਪਾਉਂਦੇ ਹਾਂ, ਅਸੀਂ ਧਾਰਮਿਕਤਾ ਦੇ ਬਸਤਰ ਧਾਰਨ ਕਰਦੇ ਹਾਂ। (ਯਸਾਯਾਹ 61:10)। ਅਸੀਂ ਪ੍ਰਭੂ ਯਿਸੂ ਮਸੀਹ ਦੇ ਆਪਣੇ ਖ਼ੁਦ ਦੇ ਬਸਤਰ ਧਾਰਨ ਕਰਦੇ ਹਾਂ। ਅਸੀਂ ਖ਼ੁਦ ਮਸੀਹ ਨੂੰ ਪਹਿਨ ਲੈਂਦੇ ਹਾਂ। (ਗਲਾਤੀਆਂ 3:27)। ਸਾਡੀ ਆਤਮਾ ਨੂੰ ਮਸੀਹ ਦੀ ਆਤਮਾ ਘੇਰ ਲੈਂਦੀ ਹੈ, ਜਦੋਂ ਅਸੀਂ ਉਸ ਤੇ ਆਪਣਾ ਵਿਸ਼ਵਾਸ ਰੱਖਦੇ ਹਾਂ, ਕਿ ਉਹ ਸਾਡੇ ਪਾਪਾਂ ਦੀ ਖ਼ਾਤਿਰ ਮਾਰਿਆ ਗਿਆ ਤੀਜੇ ਦਿਨ ਫਿਰ ਤੋਂ ਜੀਅ ਉੱਠਿਆ।

### 3. ਮੇਲ ਮਿਲਾਪ

ਇਸ ਗੱਲ ਨੂੰ ਸਮਝਣ ਦੇ ਲਈ ਸਾਨੂੰ ਇਹ ਜਾਣਨਾ ਜ਼ਰੂਰੀ ਹੈ ਕਿ ਪਾਪੀ ਹੋਣ ਦੇ ਨਾਤੇ ਅਸੀਂ ਪਰਮੇਸ਼ੁਰ ਦੇ ਵੈਰੀ ਸੀ ਕਿਉਂਕਿ ਅਸੀਂ ਆਪਣੇ ਕੰਮਾਂ ਦੇ ਦੁਆਰਾ ਉਸਨੂੰ ਚੋਟ ਪਹੁੰਚਾਉਂਦੇ ਸੀ। ਜੇਕਰ ਕੋਈ ਬਾਲਕ ਹਮੇਸ਼ਾ ਤੁਹਾਨੂੰ ਠੋਕਰ ਖਵਾਏ ਤਦ ਕੀ ਤੁਸੀਂ ਉਸਨੂੰ ਆਪਣਾ ਮਿੱਤਰ ਕਹੋਗੇ? ਅਸੀਂ ਅਜਿਹੀਆਂ ਖਤਾਵਾਂ ਕੀਤੀਆਂ ਹਨ ਜੋ ਉਸਨੂੰ ਹਮੇਸ਼ਾ ਦੁੱਖ, ਪੀੜਾਂ ਅਤੇ ਦਰਦ ਦਿੰਦੀਆਂ ਆਈਆਂ ਹਨ। ਇਹ ਸਾਡੀ ਪਰਮੇਸ਼ੁਰ ਦੇ ਨਾਲ ਉਸ ਅੰਦਰੂਨੀ ਵੈਰ ਵਿਰੋਧ ਦੇ ਕਾਰਨ ਹੁੰਦਾ ਆ ਰਿਹਾ ਹੈ। ਪ੍ਰਭੂ ਯਿਸੂ ਮਸੀਹ ਉਸ ਅੰਦਰੂਨੀ ਵੈਰ ਵਿਰੋਧ ਨੂੰ ਦੂਰ ਕਰਕੇ ਸਾਡਾ ਪਰਮੇਸ਼ੁਰ ਦੇ ਨਾਲ ਮੇਲ ਮਿਲਾਪ ਕਰਦੇ ਹਨ। "ਅਤੇ ਸ਼ਰ੍ਹਾ ਨੂੰ ਬਿਧੀਆਂ ਅਤੇ ਕਾਨੂੰਨਾਂ ਸਣੇ ਅਕਾਰਥ ਕਰ ਦਿੱਤਾ ਤਾਂ ਜੋ ਦੋਹਾਂ ਤੋਂ ਆਪ ਵਿਚ ਇਕ ਨਵਾਂ ਇਨਸਾਨ ਰਚ ਕੇ ਮੇਲ ਕਰਾਵੇ" (ਅਫ਼ਸੀਆਂ 2:15)। "ਅਤੇ ਤੁਹਾਨੂੰ ਜਿਹੜੇ ਅੱਗੇ

ਵਿਸ਼ਵਾਸੀਆਂ ਨੂੰ ਕਹਿੰਦਾ ਹੈ, "ਹੁਣ ਤੁਸੀਂ ਜਾ ਸਕਦੇ ਹੋ; ਤੁਸੀਂ ਅਜ਼ਾਦ ਹੋ ਗਏ ਹੋ।" ਪਰ ਵਿਸ਼ਵਾਸੀ ਕਹਿੰਦਾ ਹੈ, "ਪ੍ਰਭੂ ਮੇਰੇ ਰਹਿਣ ਦੀ ਕੋਈ ਜਗ੍ਹਾ ਨਹੀਂ ਹੈ। ਤੁਸੀਂ ਹੀ ਮੇਰੇ ਪਿਤਾ ਅਤੇ ਮਾਤਾ ਹੋ। ਮੈਂ ਹਮੇਸ਼ਾ ਤੁਹਾਡੇ ਨਾਲ ਰਹਾਂਗਾ ਅਤੇ ਖੁਸ਼ੀ ਨਾਲ ਤੁਹਾਡੀ ਸੇਵਾ ਕਰਦਾ ਰਹਾਂਗਾ।"

ਇਸ ਤਰ੍ਹਾਂ ਅਸੀਂ ਉਸਦੇ ਨਿੱਜੀ ਧਨ ਬਣੇ ਹੋਏ ਹਾਂ, (ਜ਼ਬੂਰ 135:4)। ਜਦੋਂ ਅਸੀਂ ਰਾਜ ਭਵਨ ਵਿਚ ਜਾਂਦੇ ਹਾਂ, ਅਸੀਂ ਉਸਦਾ ਖਜ਼ਾਨਾ ਦੇਖਣਾ ਚਾਹੁੰਦੇ ਹੋ। ਉਸ ਪ੍ਰਕਾਰ ਅਸੀਂ ਵੀ ਜਦੋਂ ਸਵਰਗ ਵਿਚ ਜਾ ਕੇ ਪਰਮੇਸ਼ੁਰ ਤੋਂ ਪੁੱਛਾਂਗੇ, "ਆਪਣਾ ਨਿੱਜੀ ਧਨ ਦਿਖਾਓ;" ਤਦ ਪਰਮੇਸ਼ੁਰ ਸਾਨੂੰ ਕਹੇਗਾ, "ਯੂਹੰਨਾ ਨੂੰ ਦੇਖੋ; ਪੌਲੁਸ ਨੂੰ ਦੇਖੋ; ਇਹ ਮੇਰਾ ਨਿੱਜੀ ਧਨ ਹੈ। ਜੇ ਤੁਸੀਂ ਕਿਸੇ ਚੀਜ਼ ਦੇ ਲਈ ਭਾਰੀ ਕੀਮਤ ਚੁਕਾਉਂਦੇ ਹੋ ਤਦ ਉਹ ਚੀਜ਼ ਤੁਹਾਡੇ ਲਈ ਬਹੁਕੀਮਤੀ ਹੋ ਜਾਂਦੀ ਹੈ। ਦੋ ਜਾਂ ਤਿੰਨ ਆਨੇ ਵਾਲੀਆਂ ਚੀਜ਼ਾਂ ਇਧਰ-ਉੱਧਰ ਸੁੱਟ ਦਿੱਤੀਆਂ ਜਾਂਦੀਆਂ ਹਨ। ਪਰ ਜੇ ਇਕ ਲੱਖ ਮੁੱਲ ਦੀ ਕੋਈ ਚੀਜ਼ ਹੋਵੇ ਤਾਂ ਉਸ ਨੂੰ ਬਹੁਤ ਸੁਰੱਖਿਅਤ ਰੱਖਿਆ ਜਾਵੇਗਾ। ਇਸੇ ਤਰੀਕੇ ਨਾਲ ਖ਼ੁਦਾ ਨੇ ਸਾਨੂੰ ਉਸ ਦੇ ਪੁੱਤਰ ਦੇ ਕੀਮਤੀ ਲਹੂ ਨਾਲ ਖਰੀਦਿਆ ਹੈ ਅਤੇ ਅਸੀਂ ਉਸ ਦੇ ਸਵਰਗਦੂਤਾਂ ਤੋਂ ਵੀ ਵੱਧ ਕੀਮਤੀ ਹਾਂ। ਮਨੁੱਖ ਸਾਡੀ ਇੱਜ਼ਤ ਭਾਵੇਂ ਹੀ ਨਾ ਕਰੇ। ਉਹ ਆਖ ਸਕਦੇ ਹਨ, "ਉਸ ਦਾ ਮੂੰਹ ਕਾਲਾ ਅਤੇ ਉਸ ਦੇ ਬੁੱਲ ਮੋਟੇ ਹਨ।" ਪਰ ਖ਼ੁਦਾ ਦੀ ਨਜ਼ਰ ਵਿਚ ਅਸੀਂ ਕੀਮਤੀ ਹਾਂ ਅਤੇ ਉਹ ਆਖਦਾ ਹੈ, "ਉਹ ਮੇਰਾ ਹੀਰਾ ਹੈ, ਉਹ ਮੇਰਾ ਮੋਤੀ ਹੈ।" ਜੇ ਅਸੀਂ ਛੁਟਕਾਰੇ ਦਾ ਅਰਥ ਸਮਝਦੇ ਹਾਂ ਤਾਂ ਮੁਕਤੀ ਦਾ ਅਧਿਕ ਅਨੰਦ ਲੈ ਸਕਦੇ ਹਾਂ। ਅੱਜ ਅਸੀਂ ਜਾਣ ਜਾਵਾਂਗੇ ਕਿ ਅਸੀਂ ਪ੍ਰਭੂ ਦੀ ਅਮਾਨਤ ਹਾਂ, ਤਾਂ ਅਸੀਂ ਬੁਰੀਆਂ ਆਦਤਾਂ ਦੇ ਸ਼ਿਕਾਰ ਕਦੇ ਨਹੀਂ ਹੋਵਾਂਗੇ। ਮਿੱਟੀ ਦੇ ਬਣੇ ਆਮ ਭਾਂਡਿਆਂ ਨੂੰ ਜ਼ਿਆਦਾ ਸਾਫ਼ ਨਹੀਂ ਕੀਤਾ ਜਾਂਦਾ; ਪਰ ਸੋਨੇ ਦੇ ਭਾਂਡੇ ਸਦਾ ਚਮਕਾਏ ਜਾਂਦੇ ਹਨ। ਜੇ ਅਸੀਂ ਜਾਣਦੇ ਹਾਂ ਕਿ ਸਾਡਾ ਸਰੀਰ ਪਰਮੇਸ਼ੁਰ ਦੀ ਹੈਕਲ ਹੈ, ਤਾਂ ਅਸੀਂ ਇਸ ਨੂੰ ਪਵਿੱਤਰ ਰੱਖਾਂਗੇ ਅਤੇ ਬੁਰੀਆਂ ਆਦਤਾਂ ਤੋਂ ਦੂਰ ਰੱਖਾਂਗੇ।



## 5. ਪਸ਼ਚਾਤਾਪ

ਰੋਮੀਆਂ 3:22-25 ਵਿਚ ਅਸੀਂ ਪੜ੍ਹਦੇ ਹਾਂ, "....ਮਸੀਹ ਯਿਸੂ ਜਿਸਨੂੰ ਪਰਮੇਸ਼ੁਰ ਨੇ ਆਪਣੇ ਲਹੂ ਦੇ ਕਾਰਨ ਇਕ ਅਜਿਹਾ ਪਸ਼ਚਾਤਾਪ ਠਹਿਰਾਇਆ।" ਹੁਣ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਪਰਮੇਸ਼ੁਰ ਨੇ ਸਾਡੇ ਸਾਰੇ ਅਪਰਾਧਾਂ ਨੂੰ ਮਾਫ਼ ਕਰ ਦਿੱਤਾ ਹੈ। ਫਿਰ ਵੀ ਅਸੀਂ ਸੋਚਦੇ ਹਾਂ, "ਤਿੰਨ ਮਹੀਨੇ ਪਹਿਲੇ ਮੈਂ ਇਹ ਕੀਤਾ ਅਤੇ ਇਕ ਸਾਲ ਪਹਿਲਾਂ ਮੈਂ ਉਹ ਕੀਤਾ," ਅਤੇ ਅਸੀਂ ਨਿਰਾਸ਼ ਹੋ ਜਾਂਦੇ ਹਾਂ। ਸਾਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਮਸੀਹ ਯਿਸੂ ਸਾਡੇ ਲਈ ਇਕ ਸਿੱਧ ਬਲੀਦਾਨ ਹੈ ਜੋ ਸਾਡੇ ਸਾਰੇ ਪਾਪਾਂ ਨੂੰ ਇੰਨਾ ਦੂਰ ਹਟਾਉਂਦਾ ਹੈ ਜਿੰਨੀ ਦੂਰ ਪੂਰਬ ਤੋਂ ਪੱਛਮ ਹੈ। (ਜ਼ਬੂਰ 103:12) ਉਸਨੇ ਮੇਰੇ ਸਾਰੇ ਅਪਰਾਧ ਸਾਥੋਂ ਦੂਰ ਕੀਤੇ ਹਨ। ਮੀਕਾਹ 7:19 ਜੇ ਸ਼ੈਤਾਨ ਸਾਡੇ ਉੱਤੇ ਦੋਸ਼ ਲਾਵੇ ਤਾਂ ਅਸੀਂ ਕਹਿ ਸਕਦੇ ਹਾਂ "ਹੇ ਸ਼ੈਤਾਨ, ਜੇ ਤੂੰ ਮੇਰੇ ਪਾਪਾਂ ਨੂੰ ਲੱਭਣਾ ਚਾਹੁੰਦਾ ਹੈ ਤਾਂ, ਜਾ ਕੇ ਸਮੁੰਦਰ ਦੀ ਤਹਿ ਵਿਚ ਡੁੱਬਕੀ ਲਗਾ, ਤੈਨੂੰ ਉੱਥੇ ਮੇਰੇ ਪਾਪ ਮਿਲਣਗੇ।" ਪ੍ਰਭੂ ਕਹਿੰਦਾ ਹੈ ਕਿ ਮੈਂ ਤੁਹਾਡੇ ਪਾਪਾਂ ਨੂੰ ਕਾਲੀ ਘਟਾ ਦੇ ਸਮਾਨ ਅਤੇ ਤੇਰੇ ਅਪਰਾਧਾਂ ਨੂੰ ਬੱਦਲ ਦੇ ਸਮਾਨ ਮਿਟਾ ਦਿੱਤਾ ਹੈ; ਮੇਰੀ ਵੱਲ ਫਿਰ ਮੁੜ ਆ, ਕਿਉਂਕਿ ਮੈਂ ਤੈਨੂੰ ਛੁਡਾ ਲਿਆ ਹੈ। (ਯਸਾਯਾਹ 44:22) ਸ਼ੈਤਾਨ ਨੇ ਸ਼ੁਰੂ ਵਿਚ ਮੈਨੂੰ ਕਿਸ ਤਰ੍ਹਾਂ ਸਤਾਇਆ ਸੀ ਇਹ ਗੱਲ ਮੈਨੂੰ ਯਾਦ ਹੈ। ਪਰਮੇਸ਼ੁਰ ਨੇ ਮੈਨੂੰ ਆਪਣੇ ਫਜ਼ਲ ਦੇ ਰਾਹੀਂ 14 ਦਸੰਬਰ 1929 ਨੂੰ ਬਚਾਇਆ। (ਮੁਕਤ ਕੀਤਾ) ਮੈਂ ਬਹੁਤ ਖੁਸ਼ ਸੀ। ਫਿਰ ਕੁਝ ਸਮੇਂ ਤੱਕ ਮੇਰੇ ਕੋਲ ਪੈਸੇ ਨਹੀਂ ਸੀ। ਅਤੇ ਉਸ ਸਮੇਂ ਸ਼ੈਤਾਨ ਨੇ ਮੈਨੂੰ ਕਿਹਾ ਕਿ ਇਹ ਤੇਰੇ ਉਸ ਪਾਪ ਦਾ ਨਤੀਜ਼ਾ ਹੈ। ਮੈਂ ਉਸ ਦੀ ਗੱਲ ਕੁਝ ਸਮੇਂ ਤੱਕ ਨਾ ਮੰਨੀਂ, ਪਰ ਅੰਤ ਵਿਚ ਪਰਮੇਸ਼ੁਰ ਨੇ ਮੈਨੂੰ ਪ੍ਰਗਟ ਕੀਤਾ ਕਿ ਮੇਰੇ ਪਾਪ ਪਰਮੇਸ਼ੁਰ ਨੇ ਐੱਨੇ ਦੂਰ ਕੀਤੇ ਹਨ ਜਿੰਨਾ ਦੂਰ ਪੂਰਬ ਪੱਛਮ ਤੋਂ ਹੈ, ਉਹ ਉਸਨੂੰ ਦੁਬਾਰਾ ਯਾਦ ਨਹੀਂ ਕਰਦਾ। ਇਸ ਲਈ ਸਾਨੂੰ ਇਹ ਜਾਣਨ ਦੀ ਜ਼ਰੂਰਤ ਹੈ ਕਿ ਕਿਸ ਪ੍ਰਕਾਰ ਸਾਡਾ ਹਰ ਇਕ ਪਾਪ ਸਾਡੇ ਤੋਂ ਦੂਰ ਕੀਤਾ ਗਿਆ ਹੈ ਅਤੇ ਕਿਸ ਪ੍ਰਕਾਰ ਪਰਮੇਸ਼ੁਰ ਨੇ ਉਸਦਾ ਨਾਮੋ ਨਿਸ਼ਾਨ ਮਿਟਾ

ਸੋਚੇ-ਸਮਝੇ ਦਿਨ ਰਾਤ ਸਿਗਰਟ ਪੀਂਦਾ ਸੀ। ਪਰ ਹੁਣ ਸੁਪਨੇ ਵਿਚ ਵੀ ਸਿਗਰਟ ਪੀਣਾ ਉਸਦੇ ਲਈ ਭਿਆਨਕ ਸੀ। ਸਾਡੇ ਵਿਚ ਅਜਿਹੇ ਬਹੁਤ ਸਾਰੇ ਲੋਕ ਹਨ ਜੋ ਐਤਵਾਰ ਦੀਆਂ ਪ੍ਰਾਰਥਨਾ ਸਭਾਵਾਂ ਖ਼ਤਮ ਹੋਣ ਤੋਂ ਬਾਅਦ ਸਿਗਰਟ ਪੀਂਦੇ ਹਨ।

ਮੁਕਤੀ ਪਾਉਣ ਤੋਂ ਪਹਿਲਾਂ ਰੇਲ ਯਾਤਰਾ ਕਰਦੇ ਸਮੇਂ 'ਆਗਿਆ ਤੋਂ ਜ਼ਿਆਦਾ ਸਮਾਨ' ਲੈ ਕੇ ਯਾਤਰਾ ਕਰਕੇ ਭਾਰਤੀ ਰੇਲ ਨੂੰ ਧੋਖਾ ਦਿੰਦਾ ਹੁੰਦਾ ਸੀ। ਮੈਂ ਥੋੜ੍ਹੇ ਪੈਸੇ ਬਚਾਉਣ ਦੇ ਲਈ ਆਪਣੇ ਪੈਸੇ ਬਿਸਤਰੇ ਤੇ ਰੱਖਦਾ ਸੀ। ਜੇ ਮੈਂ ਫੜਿਆ ਵੀ ਜਾਂਦਾ ਤਾਂ ਮੈਂ ਟਿਕਟ ਕਲੈਕਟਰ ਨੂੰ ਅੱਠ ਆਨੇ ਦੇ ਕੇ ਛੁੱਟਦਾ ਸੀ। ਉਨ੍ਹਾਂ ਦਿਨਾਂ ਵਿਚ ਸਾਨੂੰ ਘਿਓ ਦੇ ਲਈ ਚੂੰਗੀ ਭਰਨੀ ਪੈਂਦੀ ਸੀ। ਜਦੋਂ ਚੂੰਗੀ ਲੈਣ ਵਾਲਾ ਮੈਨੂੰ ਪੁੱਛਦਾ ਸੀ ਜੇ ਮੇਰੇ ਕੋਲ ਕੋਈ ਚੂੰਗੀ ਦੀ ਚੀਜ਼ ਹੈ, ਤਾਂ ਮੈਂ ਉਸ ਨੂੰ ਆਖ ਦਿੰਦਾ ਸੀ, "ਜੀ ਨਹੀਂ, ਮੇਰੇ ਕੋਲ ਇਹੋ ਜਿਹੀ ਕੋਈ ਚੀਜ਼ ਨਹੀਂ ਹੈ।" ਇਸ ਤਰ੍ਹਾਂ ਮੈਂ ਕੁਝ ਪੈਸੇ ਬਚਾਉਣ ਦੇ ਲਈ ਝੂਠ ਬੋਲਦਾ ਹੁੰਦਾ ਸੀ। ਪਰ ਮੁਕਤੀ ਪਾਉਣ ਦੇ ਬਾਅਦ ਮੈਨੂੰ ਰੇਲ ਅਫ਼ਸਰਾਂ ਦੇ ਕੋਲ ਜਾ ਕੇ ਉਸ ਨੂੰ ਆਖਣਾ ਪੈਂਦਾ ਸੀ ਕਿ ਉਹ ਮੈਥੋਂ ਪੂਰੇ ਭੁਗਤਾਨ ਦੀ ਮੰਗ ਕਰੇ। ਜਦ ਕਿ ਉਹ ਇਸ ਦਾ ਇੰਤਜ਼ਾਰ ਕਰਦੇ ਸਨ, ਮੈਂ ਉਨ੍ਹਾਂ ਨੂੰ ਆਖਦਾ ਸੀ, "ਨਹੀਂ ਸਰ, ਮੈਂ ਇਕ ਮਸੀਹੀ ਹਾਂ, ਮੈਂ ਰੇਲ ਨੂੰ ਧੋਖਾ ਨਹੀਂ ਦੇਣਾ ਚਾਹੁੰਦਾ। ਇਸੇ ਤਰ੍ਹਾਂ ਸ਼ਾਇਦ ਤੁਸੀਂ ਆਪਣੇ ਹੀ ਦਫ਼ਤਰ ਤੋਂ ਕੁਝ ਪੈਨਸਿਲ, ਪੇਪਰ ਜਾਂ ਸੁਈਆਂ ਬਿਨ੍ਹਾਂ ਕਿਸੇ ਗੁਨਾਹਗਾਰ ਭਾਵਨਾ ਦੇ ਘਰ ਲੈ ਆਏ ਹੋਵੋਗੇ। ਪਰ ਹੁਣ ਮੁਕਤੀ ਪਾਉਣ ਦੇ ਬਾਅਦ ਇਹ ਭਿਆਨਕ ਪਾਪ ਜਿਹਾ ਮਹਿਸੂਸ ਹੁੰਦਾ ਹੈ। ਇਕ ਵਾਰ ਦਸ ਸਾਲ ਦੀ ਕੁੜੀ ਆਪਣੇ ਗੁਨਾਹ ਨੂੰ ਕਬੂਲ ਕਰਦੇ ਹੋਏ ਮੇਰੇ ਕੋਲ ਆਣ ਕੇ ਆਖਣ ਲੱਗੀ, "ਮੈਂ ਹਰ ਦਿਨ ਆਪਣੀ ਭੈਣ ਦੇ ਕਮਰੇ ਤੋਂ ਮੂੰਹ ਤੇ ਲਾਉਣ ਵਾਲਾ ਪਾਊਡਰ ਚੋਰੀ ਕਰ ਲੈਂਦੀ ਸੀ, ਹੁਣ ਮੈਂ ਇਸ ਖਿਆਲ ਨਾਲ ਰੋਗੀ ਹਾਂ, ਕਿਰਪਾ ਕਰਕੇ ਮੇਰੇ ਲਈ ਪ੍ਰਾਰਥਨਾ ਕਰੋ।" ਇਸ ਤਰ੍ਹਾਂ ਤੁਹਾਨੂੰ ਇਕ ਸ਼ੁੱਧ ਮਨ ਦਿੱਤਾ ਜਾਂਦਾ ਹੈ ਤਾਂ ਕਿ ਤੁਸੀਂ ਮੁਕਤੀ ਦੇ ਪ੍ਰਤੀ ਜੋ ਗ਼ਲਤ ਕੰਮ ਕਰਦੇ ਸੋ, ਉਸ ਨੂੰ ਨਾ ਦੋਹਰਾਓ।

ਏ. ਫਿਰ ਤੁਹਾਨੂੰ ਇਕ **ਨਵਾਂ ਮਨ**, ਪ੍ਰਭੂ ਯਿਸੂ ਦਾ ਮਨ ਦਿੱਤਾ ਜਾਂਦਾ ਹੈ



(ਫ਼ਿਲਿੱਪੀਆਂ 2:5)। ਇਹ ਮਨ ਤੁਹਾਨੂੰ ਹਲੀਮ ਬਣਾਉਂਦਾ ਹੈ। ਅਸੀਂ ਸਾਰੇ ਜਦੋਂ ਸਾਡੇ ਕੋਲ ਖ਼ਾਸ ਪਾਤਰਤਾ ਹੁੰਦੀ ਹੈ ਤਾਂ ਆਲੇ-ਦੁਆਲੇ ਘੁੰਮਦੇ ਹਾਂ। ਪਰ ਮਸੀਹ ਦਾ ਮਨ ਸਾਨੂੰ ਆਪਣੇ ਆਪ ਨੂੰ ਮਸੀਹ ਦੇ ਪਿੱਛੇ ਲੁਕਾ ਰੱਖਦਾ ਹੈ। ਉਹ ਆਪ ਪਰਮੇਸ਼ੁਰ ਹੋ ਕੇ ਵੀ ਇਕ ਸੇਵਕ ਬਣ ਗਿਆ, ਤਾਂ ਫਿਰ ਉਸ ਦੇ ਪ੍ਰਤੀ ਸਾਡਾ ਰਵੱਈਆ ਕੀ ਹੋਣਾ ਚਾਹੀਦਾ ਹੈ? ਮਸੀਹ ਦਾ ਸੁਭਾਅ ਸਾਨੂੰ ਪਰਮੇਸ਼ੁਰ ਦੀ ਮਹਿਮਾ ਕਰਨ ਦੇ ਲਈ ਉਤਸ਼ਾਹਿਤ ਕਰਦਾ ਹੈ। ਕੀ ਤੁਸੀਂ ਸੱਚੇ ਮਨ ਨਾਲ ਕਹਿ ਸਕਦੇ ਹੋ ਕਿ ਤੁਹਾਡਾ ਸੁਭਾਅ ਮਸੀਹ ਦਾ ਸੁਭਾਅ ਹੈ? ਇਕ ਨੀਗਰੋ ਪ੍ਰਚਾਰਕ ਸੀ ਜਿਸਨੇ ਬਾਈਬਲ ਵਿਸ਼ਿਆਂ ਤੇ 52 ਸਾਲ ਤੱਕ ਐਤਵਾਰ ਨੂੰ ਪ੍ਰਚਾਰ ਕੀਤਾ ਸੀ: "ਜਿਵੇਂ ਮਸੀਹ ਯਿਸੂ ਦਾ ਸੁਭਾਅ ਸੀ ਉਸੇ ਤਰ੍ਹਾਂ ਦਾ ਹੀ ਤੁਹਾਡਾ ਸੁਭਾਅ ਹੋਵੇ।" ਪ੍ਰਭੂ ਯਿਸੂ ਨੇ ਆਖਿਆ, "ਮੇਰੇ ਕੋਲੋਂ ਸਿੱਖੋ, ਕਿਉਂਕਿ ਮੈਂ ਮਨ ਦਾ ਹਲੀਮ ਅਤੇ ਨਰਮ ਹਾਂ।" ਪ੍ਰਭੂ ਯਿਸੂ ਦੀ ਹਲੀਮਤਾ ਸਾਡੇ ਅੰਦਰ ਸੌਖੇ ਤਰੀਕੇ ਨਾਲ ਨਹੀਂ ਆਉਂਦੀ। ਅਸੀਂ ਬਰਕਤ ਤੇ ਘੁਮੰਡ ਕਰਦੇ ਹਾਂ। ਇਸ ਲਈ ਯਾਦ ਰੱਖੋ ਹਰ ਸਮੇਂ ਸਾਡੇ ਜੀਵਨ ਦੇ ਦੁਆਰਾ ਹਰ ਇਕ ਵਿਅਕਤੀ ਨੂੰ ਮਸੀਹ ਦੇ ਸੁਭਾਅ ਨੂੰ ਵਿਖਾਉਣਾ ਹੈ।

ਸ. ਪ੍ਰਭੂ ਸਾਨੂੰ ਇਕ **ਨਵਾਂ ਸੁਭਾਅ** ਵੀ ਦਿੰਦਾ ਹੈ। 2 ਪਤਰਸ 1:4 ਵਿਚ ਅਸੀਂ ਪੜ੍ਹਦੇ ਹਾਂ ਕਿ ਮਸੀਹ ਦੇ ਦੁਆਰਾ ਅਸੀਂ ਰੂਹਾਨੀ ਸੁਭਾਅ ਦੇ ਭਾਈਵਾਲ ਹੋਏ ਹਾਂ ਜੇ ਅਸੀਂ ਇਸ ਸੰਸਾਰ ਦੇ ਭ੍ਰਿਸ਼ਟਾਚਾਰ ਤੋਂ ਬਚਣਾ ਹੈ ਤਾਂ ਅਸੀਂ ਸਵਰਗੀ ਸੁਭਾਅ ਦੀ ਮੰਗ ਕਰਦੇ ਹੋਏ ਪਰਮੇਸ਼ੁਰ ਦੇ ਵਚਨ ਦਾ ਇਕਰਾਰ ਕਰਦੇ ਹੋਏ ਖ਼ੁਦਾ ਨੂੰ ਪੁਕਾਰਦੇ ਹਾਂ। ਹਰ ਇਕ ਦਿਲ ਵਿਚ ਕੁਝ ਇੱਛਾਵਾਂ ਹੁੰਦੀਆਂ ਹਨ ਜੋ ਆਖ਼ਿਰ ਵਿਚ ਭ੍ਰਿਸ਼ਟਾਚਾਰ ਲਿਆਉਂਦੀਆਂ ਹਨ। ਪਰ ਖ਼ੁਦਾਈ ਸੁਭਾਅ ਸਾਨੂੰ ਇਸ ਉੱਤੇ ਜਿੱਤ ਦਿੰਦਾ ਹੈ। ਇਸ ਦੇ ਦੁਆਰਾ ਅਸੀਂ ਸਦਾਚਾਰੀ ਬਣ ਸਕਦੇ ਹਾਂ।

ਹ. ਪਰਮੇਸ਼ੁਰ ਸਾਨੂੰ ਇਕ **ਨਵਾਂ ਗਿਆਨ** ਦਿੰਦਾ ਹੈ। 1 ਕੁਰਿੰਥੀਆਂ 1:13 ਵਿਚ ਅਸੀਂ ਪੜ੍ਹਦੇ ਹਾਂ ਕਿ ਪ੍ਰਭੂ ਯਿਸੂ ਆਪ ਸਾਡੇ ਲਈ ਗਿਆਨ ਬਣਿਆ ਹੈ। ਇਹ ਉਹ ਗਿਆਨ ਨਹੀਂ ਜੋ ਅਸੀਂ ਸਕੂਲੀ ਸਿੱਖਿਆ ਤੋਂ ਪ੍ਰਾਪਤ ਕੀਤਾ ਹੈ।

ਜਦ ਭੋਜਨ ਵਿਚ ਜ਼ਿਆਦਾ ਨਮਕ ਹੁੰਦਾ ਹੈ, ਜਾਂ ਜਦ ਬਿਲਕੁਲ ਨਹੀਂ ਹੁੰਦਾ, ਤਦ ਵੀ ਤੁਸੀਂ ਹਰ ਗੱਲ ਦੇ ਲਈ, ਹਰ ਇਕ ਸਥਾਨ 'ਤੇ ਹਰ ਸਮੇਂ ਪਰਮੇਸ਼ੁਰ ਦੀ ਮਹਿਮਾ ਕਰ ਸਕਦੇ ਹੋ।

ਖ. **ਨਵਾਂ ਚਿਹਰਾ**। "ਪਰ ਅਸੀਂ ਸਭ ਅਣਕੱਜੇ ਮੁੱਖ ਨਾਲ ਪ੍ਰਭੂ ਦੇ ਤੇਜ਼ ਦਾ ਮਾਨੋ ਸ਼ੀਸ਼ੇ ਵਿੱਚੋਂ ਪ੍ਰਭੂ ਪ੍ਰਤੀਬਿੰਬ ਵੇਖਦੇ ਹੋਏ ਤੇਜ਼ ਤੋਂ ਤੇਜ਼ ਤੀਕ ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ ਉਸੇ ਰੂਪ ਵਿਚ ਬਦਲਦੇ ਜਾਂਦੇ ਹਾਂ। (2 ਕੁਰਿੰਥੀਆਂ 3:18)। ਉੱਤਰ ਭਾਰਤ ਵਿਚ ਇਕ ਗਰੀਬ ਮਸੀਹੀ ਪਰਿਵਾਰ ਰਹਿੰਦਾ ਸੀ। ਇਕ ਦਿਨ ਇਕ ਮੁਸਲਿਮ ਪਠਾਨ ਨੇ ਉਸ ਪਰਿਵਾਰ ਦੇ ਮੁੱਖੀਏ ਨੂੰ ਪੁੱਛਿਆ, "ਕੀ ਮੈਂ ਜਾਣ ਸਕਦਾ ਹਾਂ ਕਿ ਤੁਸੀਂ ਕਿਹੜਾ ਤੇਲ ਇਸਤੇਮਾਲ ਕਰਦੇ ਹੋ, ਜਿਸ ਨਾਲ ਤੁਹਾਡਾ ਚਿਹਰਾ ਪੂਰਾ ਦਿਨ ਚਮਕਦਾ ਰਹਿੰਦਾ ਹੈ?" ਉਸ ਮਨੁੱਖ ਨੇ ਉੱਤਰ ਦਿੱਤਾ, "ਮੈਂ ਕੋਈ ਤੇਲ ਇਸਤੇਮਾਲ ਨਹੀਂ ਕਰਦਾ ਜਾਂ ਕਿਸੇ ਕਰੀਮ ਦਾ ਪ੍ਰਯੋਗ ਨਹੀਂ ਕਰਦਾ। ਪਰ ਮੈਂ ਹਰ ਰੋਜ਼ ਸਵੇਰੇ, ਸ਼ਾਮ ਅਤੇ ਦੁਪਹਿਰ ਨੂੰ ਪ੍ਰਾਰਥਨਾ ਕਰਕੇ ਆਪਣੀ ਦਾਲ ਰੋਟੀ ਅਤੇ ਸਾਰੀਆਂ ਗੱਲਾਂ ਲਈ ਪਰਮੇਸ਼ੁਰ ਦਾ ਧੰਨਵਾਦ ਕਰਦਾ ਹਾਂ।" ਮੈਂ ਅਮਰੀਕਾ ਵਿਚ ਬਜ਼ੁਰਗ ਔਰਤ ਨੂੰ ਆਪਣੇ ਆਪ ਨੂੰ ਸੁੰਦਰ ਵਿਖਾਉਣ ਲਈ ਪਾਊਡਰ ਅਤੇ ਲਾਲੀ ਦਾ ਇਸਤੇਮਾਲ ਕਰਦੇ ਹੋਏ ਵੇਖਿਆ ਹੈ। ਪਰ ਇਸਦਾ ਕੋਈ ਲਾਭ ਨਹੀਂ। ਮਨੁੱਖ ਦਾ ਚਿਹਰਾ ਕਾਲਾ, ਮੋਟੇ ਬੁੱਲ, ਜਾਂ ਲੰਮੇ ਕੰਨ ਕਿਉਂ ਨਾ ਹੋਣ, ਪਰ ਜੇਕਰ ਉਹ ਪਰਮੇਸ਼ੁਰ ਦੀ ਸੰਤਾਨ ਹੈ ਤਾਂ ਪਰਮੇਸ਼ੁਰ ਦਾ ਤੇਜ਼ ਜ਼ਰੂਰ ਉਸਦੇ ਚਿਹਰੇ ਤੇ ਚਮਕੇਗਾ। ਕੀ ਇਹ ਅਦਭੁੱਤ ਨਹੀਂ?

1935 ਵਿੱਚ ਖੇਤਾ ਵਿੱਚ ਇਕ ਵੱਡਾ ਭੂਚਾਲ ਆਇਆ ਜਿਸ ਵਿਚ 58,000 ਲੋਕ ਮਰ ਗਏ। ਉਸ ਸਮੇਂ ਮੈਂ ਉੱਥੇ ਮੁੜ ਉਸਾਰੀ ਦੇ ਕੰਮ ਦੇ ਲਈ ਹਾਜ਼ਿਰ ਸੀ। ਮੈਂ ਨਹੀਂ ਜਾਣਦਾ ਸੀ ਕਿ ਮਸੀਹੀ ਲੋਕ ਕਿੱਥੇ ਰਹਿੰਦੇ ਸਨ। ਪਰ ਮੈਂ ਕਿਹਾ ਜਿਸਦਾ ਚਿਹਰਾ ਚਮਕਦਾ ਹੋਵੇਗਾ ਉਹੀ ਮਸੀਹੀ ਹੋਵੇਗਾ। ਇਸ ਤਰੀਕੇ ਨਾਲ ਮੈਂ ਬਹੁਤਿਆਂ ਨੂੰ ਲੱਭਣ ਵਿਚ ਕਾਮਯਾਬ ਹੋਇਆ। ਹੁਣ ਦੱਸੋ, ਤੁਹਾਡਾ ਚਿਹਰਾ ਕਿਹੋ ਜਿਹਾ ਹੈ?



ਘਰ ਜਾ ਕੇ ਸ਼ੀਸ਼ੇ ਵਿਚ ਵੇਖੋ। ਮਹਾਨ ਮੁਕਤੀ ਹਰ ਇਕ ਵਿਅਕਤੀ ਨੂੰ ਚਮਕਦਾ ਚਿਹਰਾ ਪ੍ਰਦਾਨ ਕਰਦੀ ਹੈ, ਜੋ ਸਾਡੇ ਪ੍ਰਭੂ ਦੇ ਨਾਲ ਬੋਲਣ ਅਰਥਾਤ ਚੱਲਣ ਨਾਲ ਹੋਰ ਰੌਣਕ ਲਿਆਉਂਦਾ ਹੈ, ਜਿਸ ਪ੍ਰਕਾਰ ਮੂਸਾ ਦਾ ਚਿਹਰਾ, ਜਦ ਉਹ ਪਰਮੇਸ਼ੁਰ ਨਾਲ ਗੱਲਬਾਤ ਕਰਕੇ ਪਹਾੜ ਤੋਂ ਵਾਪਿਸ ਆਇਆ, ਚਮਕਦਾ ਸੀ।

ਗ. **ਨਵੇਂ ਬਸਤਰ**। "ਕਿਉਂ ਜੋ ਓਸ ਮੈਨੂੰ ਮੁਕਤੀ ਦੇ ਬਸਤਰ ਪਵਾਏ, ਓਸ ਧਰਮ ਦੇ ਚੋਗੇ ਨਾਲ ਮੈਨੂੰ ਕੱਜਿਆ, ਜਿਵੇਂ ਲਾੜਾ ਸਿਹਰੇ ਨਾਲ ਆਪ ਨੂੰ ਸੁਆਰਦਾ, ਅਤੇ ਲਾੜੀ ਆਪਣਿਆਂ ਗਹਿਣਿਆਂ ਨਾਲ ਆਪ ਨੂੰ ਸ਼ਿੰਗਾਰਦੀ ਹੈ।" (ਯਸਾਯਾਹ 61:10)। ਮੁਕਤੀ ਦੇ ਪਹਿਲੇ ਲੋਕ ਚਮਕਦਾਰ ਕੱਪੜੇ, ਭਾਰੇ ਸੂਟ, ਸੁੰਦਰ ਟਾਈ, ਸੁੰਦਰ ਟੋਪੀਆਂ ਅਤੇ ਸਿਲਕੀ ਰੁਮਾਲ ਦੀ ਚਾਹਤ ਰੱਖਦੇ ਹਨ। ਇਸਤਰੀਆਂ ਚਮਕੀਲੀਆਂ ਸਾੜੀਆਂ, ਸ਼ਾਨਦਾਰ ਗਹਿਣਿਆਂ ਦੀ ਚਾਹਤ ਰੱਖਦੀਆਂ ਹਨ। ਪਰ ਪਰਮੇਸ਼ੁਰ ਸਾਨੂੰ ਧਾਰਮਿਕਤਾ ਦੇ ਬਸਤਰ ਪਹਿਨਾਉਂਦਾ ਹੈ ਜੋ ਸਾਨੂੰ ਉਸਦੀ ਹਜ਼ੂਰੀ ਵਿਚ ਹੋਰ ਖ਼ੂਬਸੂਰਤ ਬਣਾਉਂਦੇ ਹਨ।

ਘ. **ਨਵੀਂ ਜੁੱਤੀ**। ਕੁਝ ਲੋਕਾਂ ਨੂੰ ਨਵੀਂ ਜੁੱਤੀ ਪਾਉਣ ਦਾ ਸ਼ੌਂਕ ਹੁੰਦਾ ਹੈ। ਮੈਂ ਜਦ ਪਾਠਸ਼ਾਲਾ ਵਿਚ ਪੜ੍ਹਦਾ ਸੀ ਤਦ ਮੇਰੇ ਪਿਤਾ ਜੀ ਨੇ ਮੇਰੇ ਲਈ ਇਕ ਅੰਗ੍ਰੇਜ਼ੀ ਜੁੱਤੀ ਖਰੀਦੀ। ਮੈਂ ਉਸਨੂੰ ਪਹਿਨ ਕੇ ਬਹੁਤ ਪ੍ਰਸੰਨ ਹੋਇਆ ਅਤੇ ਉਸਦੀ ਚੰਗੀ ਤਰ੍ਹਾਂ ਦੇਖਭਾਲ ਕੀਤੀ। ਰਸਤੇ ਵਿਚ ਜਦੋਂ ਵੀ ਮੈਂ ਪੱਥਰ ਜਾਂ ਕੰਡੇ ਵੇਖਦਾ ਸਾਂ, ਤਾਂ ਮੈਂ ਉਸਨੂੰ ਪੈਰਾਂ ਤੋਂ ਉਤਾਰ ਕੇ ਨੰਗੇ ਪੈਰ ਚੱਲਦਾ ਸੀ। ਮੈਂ ਜਦ ਆਪਣੇ ਮਿੱਤਰਾਂ ਨੂੰ ਇਹ ਜੁੱਤੀ ਵਿਖਾਉਂਦਾ ਸੀ ਤਾਂ ਮੈਨੂੰ ਫਕਰ ਹੁੰਦਾ ਸੀ। ਪਰ ਪਰਮੇਸ਼ੁਰ ਸਾਨੂੰ ਨਵੀਂ ਜੁੱਤੀ ਦਿੰਦਾ ਹੈ। ਤੁਸੀਂ ਉਸਨੂੰ ਜਿੰਨਾ ਇਸਤੇਮਾਲ ਕਰੋਗੇ ਉਹ ਓਨ੍ਹੀ ਹੀ ਮਜ਼ਬੂਤ ਹੁੰਦੀ ਜਾਂਦੀ ਹੈ। ਸਧਾਰਨ ਜੁੱਤੀ ਦਸ ਮਹੀਨਿਆਂ ਬਾਅਦ ਪੁਰਾਣੀ ਹੋ ਜਾਂਦੀ ਹੈ, ਪਰ ਇਹ ਜੁੱਤੀ ਜੋ ਪਰਮੇਸ਼ੁਰ ਦਿੰਦਾ ਹੈ, ਤੁਸੀਂ 1000 ਮੀਲ ਯਾਤਰਾ ਕਰਨ ਤੋਂ ਬਾਅਦ ਵੀ ਖੁਸ਼ਖ਼ਬਰੀ ਸੁਣਾਉਣ ਦੇ ਲਈ ਤੁਸੀਂ ਇਸ ਨਾਲ ਬਿਲਕੁਲ ਤਾਜ਼ੇ ਰਹੋਗੇ। ਇਹ ਜੁੱਤੀ ਮੇਲ-ਮਿਲਾਪ ਦੀ ਖੁਸ਼ਖ਼ਬਰੀ ਦੀ ਤਿਆਰੀ ਦੀ ਜੁੱਤੀ ਹੈ (ਅਫ਼ਸੀਆਂ 6:15)।

ਇਹ ਸੱਚ ਹੈ ਜਿਸਨੂੰ ਪ੍ਰਕਾਸ਼ਨ ਦੇ ਜ਼ਰੀਏ ਸਾਨੂੰ ਸਮਝਣਾ ਚਾਹੀਦਾ ਹੈ। ਨਿਹਚਾ ਦੁਆਰਾ ਮੈਂ ਯਿਸੂ ਦੀ ਮੌਤ, ਦਫ਼ਨਾਏ ਜਾਣ, ਅਤੇ ਉਹਦੇ ਜੀਅ ਉੱਠਣ ਦੇ ਨਾਲ ਪਹਿਚਾਣ ਬਣਾਈ ਹੈ। ਕੁਝ ਲੋਕ ਆਖਦੇ ਹਨ, "ਮੇਰੀ ਪਤਨੀ ਮੇਰੀ ਸਲੀਬ ਹੈ ਕਿਉਂਕਿ ਉਹ ਮੈਨੂੰ ਪਰੇਸ਼ਾਨ ਕਰਦੀ ਹੈ", ਕੁਝ ਆਖਦੇ ਹਨ ਉਨ੍ਹਾਂ ਦੇ ਮਾਤਾ-ਪਿਤਾ ਉਨ੍ਹਾਂ ਦੇ ਲਈ ਸਲੀਬ ਹਨ। ਸਲੀਬ ਦੀ ਵਿਆਖਿਆ ਬਿਲਕੁਲ ਨਿਰਾਲੀ ਹੈ। ਇਹ ਪ੍ਰਭੂ ਯਿਸੂ ਮਸੀਹ ਦੀ ਮੌਤ ਦੀ ਸਮਰੱਥਾ ਹੈ ਜੋ ਸਾਡੇ ਵਿਚ ਕੰਮ ਕਰਦੀ ਹੈ। ਕੁਝ ਲੋਕ ਸੋਚਦੇ ਹਨ ਕਿ ਸਲੀਬ ਗਲ ਵਿਚ ਪਾ ਕੇ ਬਹੁਤ ਧਰਮੀ ਬਣ ਗਏ ਹਨ। ਪਰ ਉਹ ਆਪਣੇ ਉਹੀ ਪੁਰਾਣੇ ਸੁਭਾਓ ਨੂੰ ਪੇਸ਼ ਕਰਦੇ ਹਨ।

ਦੂਜੀ ਤਰਫ਼ ਜੋ ਆਪਣੇ ਆਪ ਨੂੰ ਪੰਤੇਕੁਸਤ ਅਖਵਾਉਂਦੇ ਹਨ, ਮੰਨਦੇ ਹਨ ਕਿ ਆਤਮਾ ਵਿਚ ਭਰਪੂਰ ਆਨੰਦ ਮਨਾਉਣ ਦੇ ਲਈ ਸਾਰੀ ਰਾਤ ਰੋਣਾ ਚਾਹੀਦਾ ਹੈ। ਪਰਮੇਸ਼ੁਰ ਸਦੀਪਕ ਕਾਲ ਦੇ ਸਿਧਾਂਤ 'ਤੇ ਕੰਮ ਕਰਦਾ ਹੈ। ਕੀ ਤੁਸੀਂ ਪਹਿਲਾਂ ਤੋਂ ਭਰੀ ਬੋਤਲ ਨੂੰ ਫਿਰ ਭਰ ਸਕਦੇ ਹੋ? ਜੇਕਰ ਤੁਸੀਂ ਪਵਿੱਤਰ ਆਤਮਾ ਨਾਲ ਭਰਨਾ ਚਾਹੁੰਦੇ ਹੋ ਤਾਂ ਆਪਣੇ ਆਪ ਲਈ ਮਰਨਾ ਅਤੇ ਆਪਣੇ ਆਪ ਨੂੰ ਖਾਲੀ ਕਰਨਾ ਪਵੇਗਾ। ਜਿੰਨਾ ਮੈਂ ਉਹਦੀ ਮੌਤ, ਦਫ਼ਨਾਏ ਜਾਣ, ਅਤੇ ਉਹਦੇ ਜੀਅ ਉੱਠਣ ਵਿਚ ਆਪਣੀ ਪਹਿਚਾਣ ਬਣਾਵਾਂਗੇ ਉਨਾਂ ਹੀ ਜ਼ਿਆਦਾ ਮੈਂ ਘੱਟਦਾ ਜਾਵਾਂਗਾ ਅਤੇ ਆਤਮਾ ਨਾਲ ਭਰਦਾ ਜਾਵਾਂਗਾ। ਬਹੁਤ ਮਸੀਹੀ ਜਿਨ੍ਹਾਂ ਨੂੰ 'ਫੁਟਬਾਲ ਮਸੀਹੀ' ਕਹਿਣਾ ਉੱਚਿਤ ਹੋਵੇਗਾ, ਕਿਉਂਕਿ ਜਿਸ ਪ੍ਰਕਾਰ ਇਕ ਹੌਲੀ ਜਿਹੀ ਕਿੱਕ ਮਾਰਨ ਨਾਲ ਫੁੱਟਬਾਲ ਹਵਾ 'ਚ ਉੱਡ ਜਾਂਦਾ ਹੈ ਅਤੇ ਜੇਕਰ ਉਸ ਵਿਚ ਛੋਟਾ ਜਿਹਾ ਕੰਡਾ ਚੁਭ ਜਾਵੇ ਤਾਂ ਇਸਦੀ ਸਾਰੀ ਹਵਾ ਨਿਕਲ ਜਾਂਦੀ ਹੈ, ਓਸੇ ਤਰ੍ਹਾਂ ਇਹ ਲੋਕ ਵੀ ਹੁੰਦੇ ਹਨ। "ਸ੍ਰੀਮਾਨ ਫੁੱਟਬਾਲ, ਕੀ ਗੱਲ ਹੈ?" ਫੁੱਟਬਾਲ ਉੱਤਰ ਦਿੰਦਾ ਹੈ, "ਓਹ! ਇਕ ਛੋਟਾ ਜਿਹਾ ਕੰਡਾ ਮੈਨੂੰ ਚੁੱਭ ਗਿਆ ਹੈ।" ਇਸੇ ਪ੍ਰਕਾਰ ਇਹ ਮਸੀਹੀ ਵੀ ਕਨਵੈਨਸ਼ਨ ਦੇ ਦੌਰਾਨ ਬਹੁਤ ਉੱਪਰ ਉੱਠਦੇ ਹਨ, ਪਰ ਕੁਝ ਦਿਨਾਂ ਬਾਅਦ ਇਕ ਛੋਟਾ ਜਿਹਾ ਕੰਡਾ ਉਨ੍ਹਾਂ ਦੇ ਜੀਵਨ ਵਿਚ ਆ ਜਾਂਦਾ ਹੈ ਅਤੇ ਉਹ ਪੈਂਚਰ ਹੋ ਜਾਂਦੇ



ਹਨ। ਇਹ ਪਰਮੇਸ਼ੁਰ ਦੀ ਯੋਜਨਾ ਨਹੀਂ। ਤੁਸੀਂ ਹਰ ਰੋਜ਼ ਮਸੀਹ ਦੇ ਸਰੀਰ (ਮੌਤ, ਦਫਨਾਇਆ ਜਾਣਾ, ਜੀਅ ਉੱਠਣਾ) ਦੇ ਨਾਲ ਆਪਣੀ ਪਹਿਚਾਣ ਬਣਾਉਂਦੇ ਹੋਏ ਜ਼ਿਆਦਾ ਤੋਂ ਜ਼ਿਆਦਾ ਉੱਪਰ ਜਾ ਸਕਦੇ ਹੋ। ਅੰਤ ਪੌਲੁਸ ਆਖਦਾ ਹੈ, ਅਸੀਂ ਯਿਸੂ ਦੇ ਮਰਨ ਨੂੰ ਆਪਣੀ ਦੇਹ ਵਿਚ ਸਦਾ ਲਈ ਫਿਰਦੇ ਹਾਂ। (2 ਕੁਰਿੰਥੀਆਂ 4:10)। ਇਸ ਪ੍ਰਕਾਰ ਤੁਸੀਂ ਆਪਣੇ ਜੀਵਨ ਦੇ ਦੁਆਰਾ ਮਸੀਹ ਨੂੰ ਪ੍ਰਦਰਸ਼ਿਤ ਕਰ ਸਕਦੇ ਹੋ। ਆਤਮਿਕ ਰੂਪ ਨਾਲ ਉਸਦੀ ਮੌਤ, ਦਫ਼ਨਾਏ ਜਾਣ ਅਤੇ ਉਸਦੇ ਜੀਅ ਉੱਠਣ ਦੇ ਨਾਲ ਆਪਣੀ ਪਹਿਚਾਣ ਬਣਾਉਣ ਦੇ ਜ਼ਰੀਏ ਉਸਦਾ ਜੀਵਨ ਸਾਡੇ ਦੁਆਰਾ ਪ੍ਰਗਟ ਹੁੰਦਾ ਹੈ।

ਸਵੇਰੇ-ਸਵੇਰੇ ਸਾਡੇ ਮਨ ਵਿਚ ਬਹੁਤ ਇੱਛਾ ਆ ਜਾਂਦੀਆਂ ਹਨ। ਉਨ੍ਹਾਂ ਵਿਚ ਕੁਝ ਚੰਗੇ ਹੁੰਦੇ ਹਨ, ਕੁਝ ਚੰਗੇ ਨਹੀਂ ਹੁੰਦੇ। ਪਰ ਜੇਕਰ ਤੁਸੀਂ ਉਸਦੇ ਨਾਲ ਮਰਨਾ ਸਿੱਖ ਗਏ ਹੋ ਤਾਂ ਤੁਸੀਂ ਆਖ ਸਕਦੇ ਹੋ, "ਕਿਰਪਾ ਕਰਕੇ ਮੇਰੇ ਵਿਚਾਰਾਂ ਨੂੰ ਦੂਰ ਕਰਕੇ ਆਪਣੇ ਵਿਚਾਰ ਮੈਨੂੰ ਦਿਓ। ਮੇਰੇ ਪ੍ਰਭਾਵ ਨੂੰ ਲੈ ਕੇ ਆਪਣਾ ਪ੍ਰਭਾਵ ਮੈਨੂੰ ਦਿਓ। ਮੇਰੀਆਂ ਸਾਰੀਆਂ ਯੋਜਨਾਵਾਂ ਨੂੰ ਨਸ਼ਟ ਕਰਕੇ ਆਪਣੀਆਂ ਯੋਜਨਾਵਾਂ ਮੇਰੇ ਜੀਵਨ ਵਿਚ ਲਾਗੂ ਕਰੋ।" ਇਸ ਲਈ ਤੁਸੀਂ ਆਪਣੇ ਸਾਰੇ ਕੰਮਾਂ ਨੂੰ ਅਤੇ ਯੋਜਨਾਵਾਂ ਨੂੰ ਪ੍ਰਭੂ ਕੋਲ ਲਿਆਓ। ਪਰ ਤੁਸੀਂ ਆਪਣੇ ਆਪ ਖ਼ੁਦ ਦੇ ਲਈ ਮਰ ਨਹੀਂ ਸਕਦੇ। ਅਸੀਂ ਸਿਰਫ਼ ਉਸਦੀ ਮੌਤ ਦੀ ਸਮਰੱਥਾ ਦੇ ਦੁਆਰਾ ਹੀ ਖ਼ੁਦ ਦੇ ਲਈ ਮਰ ਸਕਦੇ ਹਾਂ। ਜਿਸ ਪ੍ਰਕਾਰ ਸਾਨੂੰ ਭਿੰਨ-ਭਿੰਨ ਵਸਤੂਆਂ ਨੂੰ ਕੱਟਣ ਦੇ ਲਈ ਭਿੰਨ-ਭਿੰਨ (ਨਿਸਟਰੁਮਏਨਟਸ) ਦੀ ਲੋੜ ਹੁੰਦੀ ਹੈ, ਉਸੇ ਪ੍ਰਕਾਰ ਸਾਨੂੰ ਖ਼ੁਦ ਨੂੰ ਮਾਰਨ ਦੇ ਲਈ ਉਸਦੀ ਮੌਤ ਦੀ ਲੋੜ ਹੈ। ਮਨੁੱਖ ਜ਼ੇਲ੍ਹ ਵਿਚ ਜਾ ਕੇ ਸਖ਼ਤ ਸਜ਼ਾ ਪਾ ਸਕਦਾ ਹੈ ਪਰ ਉਹ ਖ਼ੁਦ ਦੇ ਲਈ ਮਰ ਨਹੀਂ ਸਕਦਾ।

ਅਫ਼ਸੀਆਂ 1:20-2:1 ਵਿਚ ਅਸੀਂ ਪੜ੍ਹਦੇ ਹਾਂ, "ਪਰਮੇਸ਼ੁਰ ਨੇ ਉਸਨੂੰ (ਯਿਸੂ ਮਸੀਹ) ਮੁਰਦਿਆਂ ਵਿੱਚੋਂ ਜਿਵਾਇਆ... ਅਤੇ ਤੁਹਾਨੂੰ ਵੀ ਜਿਵਾਇਆ।" ਇਸਦਾ ਅਰਥ ਹੈ ਕਿ ਜਦ ਉਹ ਮਰਿਆ, ਮੈਂ ਮਰਿਆ। ਜਦ ਉਸ ਨੂੰ ਦਫ਼ਨਾਇਆ

ਸਰੂਪ ਵਿਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ" (ਰੋਮੀਆਂ 12:2)।

ਸਾਨੂੰ ਪੂਰਾ ਪਰਿਵਰਤਨ ਹੋਣਾ ਹੈ। ਇਹ ਪਰਮੇਸ਼ੁਰ ਦੀ ਸਿੱਧ ਇੱਛਾ ਨੂੰ ਪੂਰਾ ਕਰਨ ਦੇ ਦੁਆਰਾ ਹੁੰਦਾ ਹੈ। ਇਕ ਵਾਰ ਮੈਂ ਇਕ ਖੁਸ਼ਹਾਲ ਅਮੀਰ ਆਦਮੀ ਨਾਲ ਮਿਲਿਆ ਜੋ 40 ਸਾਲ ਪਹਿਲਾਂ ਤੋਂ ਵਿਆਹ ਦੇ ਬੰਧਨ ਵਿਚ ਬੱਝਿਆ ਹੋਇਆ ਸੀ। ਐਂਨੇ ਸਾਲ ਇਕੱਠੇ ਮੇਲ-ਮਿਲਾਪ ਨਾਲ ਰਹਿਣ ਦੇ ਕਾਰਨ ਉਨ੍ਹਾਂ ਦੇ ਮੂੰਹ ਵੀ ਇੱਕੋ ਜਿਹੇ ਵਿਖ ਰਹੇ ਸਨ। ਇਸੇ ਤਰੀਕੇ ਨਾਲ ਜਦੋਂ ਅਸੀਂ ਵੀ ਸਦਾ ਪ੍ਰਭੂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਅਸੀਂ ਵੀ ਉਸ ਦੇ ਮਨ ਅਤੇ ਉਸ ਦੇ ਸੁਭਾਅ ਨੂੰ ਸਾਡੇ ਜੀਵਨ ਵਿਚ ਲਾਗੂ ਕਰਦੇ ਹੋਏ ਪੂਰੀ ਤਰ੍ਹਾਂ ਨਾਲ ਪਰਿਵਰਤਨ ਪਾ ਸਕਦੇ ਹਾਂ। ਬਹੁਤ ਸਾਰੇ ਲੋਕ ਸੋਚਦੇ ਹਨ ਕਿ ਪਰਮੇਸ਼ੁਰ ਦੀ ਇੱਛਾ ਜਾਣਨਾ ਆਪਣੇ ਸਮੇਂ ਨੂੰ ਬਰਬਾਦ ਕਰਨਾ ਹੈ। ਜੇ ਅਸੀਂ ਉਸ ਦੇ ਮੈਂਬਰ ਬਣਨਾ ਚਾਹੁੰਦੇ ਹਾਂ, ਤਾਂ ਸਾਨੂੰ ਬਹੁਤ ਹੀ ਹੌਂਸਲੇ ਨਾਲ ਉਸ ਦੀ ਇੱਛਾ ਨੂੰ ਜਾਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। "ਕਿਉਂਕਿ ਜਿਨ੍ਹਾਂ ਨੂੰ ਉਹ ਨੇ ਪਹਿਲਾਂ ਤੋਂ ਜਾਣਿਆ ਸੀ ਉਸ ਨੇ ਉਨ੍ਹਾਂ ਨੂੰ ਅੱਗਿਓਂ ਠਹਿਰਾਇਆ ਭਈ ਉਹ ਦੇ ਪੁੱਤਰ ਦੇ ਸਰੂਪ ਉੱਤੇ ਬਣਨ" (ਰੋਮੀਆਂ 8:21)। ਤੁਸੀਂ ਇਕ ਸੋਨੇ ਦਾ ਟੁਕੜਾ ਲੈ ਕੇ ਸੁਨਿਆਰ ਦੇ ਕੋਲ ਜਾਓਗੇ ਤਾਂ ਉਹ ਉਸ ਨੂੰ ਇਕ ਸੋਹਣੇ ਗਹਿਣੇ ਦੇ ਰੂਪ ਵਿਚ ਪਰਿਵਰਤਨ ਕਰੇਗਾ। ਉਸੇ ਤਰ੍ਹਾਂ ਪਰਮੇਸ਼ੁਰ ਵੀ ਸਾਡੇ ਜੀਵਨਾਂ ਵਿਚ ਕੰਮ ਕਰਦਾ ਹੈ ਕਿ ਉਹ ਆਪਣੀ ਸੁੰਦਰਤਾ ਨੂੰ ਸਾਡੇ ਜੀਵਨਾਂ ਦੇ ਦੁਆਰਾ ਪ੍ਰਗਟ ਕਰੇ ਜਿਸ ਨੂੰ ਹੁਣ ਤੱਕ ਕਿਸੇ ਨੇ ਵੇਖਿਆ ਨਾ ਹੋਵੇ। ਸਵਰਗਦੂਤ ਸਾਡੇ ਗੰਦੇ ਦਿਲ ਨੂੰ ਜਾਣਦੇ ਹਨ। ਪਰ ਜਦੋਂ ਅਸੀਂ ਸਵਰਗ ਜਾਵਾਂਗੇ ਤਾਂ ਉਹ ਆਪ ਹੀ ਹੈਰਾਨ ਹੋ ਜਾਣਗੇ ਜਦੋਂ ਉਹ ਸਾਡੇ ਤੋਂ ਪਰਮੇਸ਼ੁਰ ਦੀ ਮਹਿਮਾ ਨੂੰ ਵੇਖੇਗਾ। ਇਹ ਤਦ ਸੰਭਵ ਹੁੰਦਾ ਹੈ ਜਦੋਂ ਅਸੀਂ ਹਰ ਇਕ ਗੱਲ ਵਿਚ ਪਰਮੇਸ਼ੁਰ ਦੀ ਇੱਛਾ ਨੂੰ ਵੇਖਦੇ ਹਾਂ, ਇਸੇ ਤਰੀਕੇ ਨਾਲ ਪਰਿਪੂਰਨ ਸਿੱਧਤਾ ਦਾ ਕੰਮ ਅੱਜ ਤੋਂ ਹੀ ਸ਼ੁਰੂ ਹੁੰਦਾ ਹੈ।

## 10. ਪੁੱਤਰਤਵ



ਇਹ ਪਰਮੇਸ਼ੁਰ ਦੀ ਇੱਛਾ ਹੈ ਕਿ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਲ ਸਾਂਝੇ ਵਿਰਸੇ ਵਿਚ ਹੱਕਦਾਰ ਬਣੀਏ। ਇਕ ਇਹੋ ਜਿਹੇ ਪਿਤਾ ਦੀ ਕਲਪਨਾ ਕਰੋ ਜਿਸ ਦੇ ਪੰਜ ਪੁੱਤਰ ਅਤੇ ਬਹੁਤ ਜਾਇਦਾਦ ਹੈ। ਉਨ੍ਹਾਂ ਵਿੱਚੋਂ ਸਿਰਫ਼ ਦੋ ਪੁੱਤਰ ਹੀ ਸਮਝਦਾਰ ਹਨ। ਦੂਸਰੇ ਤਿੰਨ ਬਹੁਤ ਹੀ ਸ਼ਰਾਰਤੀ ਅਤੇ ਗ਼ੈਰ ਜ਼ਿੰਮੇਵਾਰ ਹਨ। ਕੀ ਪਿਤਾ ਉਨ੍ਹਾਂ ਤਿੰਨ ਮੂਰਖ ਪੁੱਤਰਾਂ ਨੂੰ ਆਪਣੀ ਜਾਇਦਾਦ ਦੇਵੇਗਾ? ਨਹੀਂ ਜੋ ਸਮਝਦਾਰ ਹਨ। ਉਨ੍ਹਾਂ ਨੂੰ ਇਸ ਜਾਇਦਾਦ ਦੇ ਉੱਤੇ ਜ਼ਿਆਦਾ ਅਧਿਕਾਰ ਮਿਲੇਗਾ। ਉਸੇ ਤਰ੍ਹਾਂ ਪ੍ਰਭੂ ਯਿਸੂ ਮਸੀਹ ਦੇ ਕੋਲ ਵੀ ਬਹੁਤ ਜਾਇਦਾਦ ਹੈ। ਪਰ ਇਸ ਜਾਇਦਾਦ ਦੇ ਉੱਤੇ ਅਧਿਕਾਰ ਰੱਖਣ (ਉਸ ਦਾ ਆਨੰਦ ਲੈਣ) ਦੇ ਲਈ ਸਾਨੂੰ ਰੂਹਾਨੀ ਰੂਪ ਨਾਲ ਪਰਿਪੱਕ ਹੋਣਾ ਚਾਹੀਦਾ। ਪਰਕਾਸ਼ ਦੀ ਪੋਥੀ 29:7 “ਜਿਹੜਾ ਜਿੱਤਣ ਵਾਲਾ ਹੈ ਉਹ ਇਨ੍ਹਾਂ ਪਦਾਰਥਾਂ ਦਾ ਅਧਿਕਾਰੀ ਹੈ।” ਜਿਸ ਪਲ ਅਸੀਂ ਵਿਸ਼ਵਾਸ ਕਰਦੇ ਹਾਂ, ਉਸੇ ਪਲ ਸਾਨੂੰ ਉਸੇ ਸਦੀਪਕ ਕਾਲ ਦਾ ਜੀਵਨ ਦਿੱਤਾ ਜਾਂਦਾ ਹੈ। ਪਰ ਜੋ ਜਿੱਤ ਪਾਉਂਦਾ ਹੈ ਸਿਰਫ਼ ਪ੍ਰਭੂ ਯਿਸੂ ਮਸੀਹ ਹੀ ਸਾਰੀ ਵਸਤੂਆਂ ਦਾ ਮਾਲਕ ਹੋਵੇਗਾ। ਹਰ ਇਕ ਵਿਸ਼ਵਾਸੀ ਇਸ ਦਾ ਅਧਿਕਾਰੀ ਨਹੀਂ ਹੋਵੇਗਾ। ਜਿੱਤ ਪਾਉਣ ਦਾ ਪੂਰਾ ਅਰਥ ਪਰਕਾਸ਼ ਦੀ ਪੋਥੀ ਦੇ 2 ਅਤੇ 3 ਅਧਿਆਏ ਵਿਚ ਪਾਏ ਜਾਂਦੇ ਹਨ। ਜਦੋਂ ਤੁਸੀਂ ਪਰਿਪੱਕ ਹੁੰਦੇ ਹੋ ਅਤੇ ਪੁੱਤਰ ਬਣਦੇ ਹੋ ਤਦ ਤੁਸੀਂ ਸਾਰੀਆਂ ਵਸਤੂਆਂ ਦੇ ਵਾਰਿਸ ਹੋ ਜਾਂਦੇ ਹੋ। ਇਸ ਲਈ ਪ੍ਰਭੂ ਯਿਸੂ ਮਸੀਹ ਸਾਨੂੰ ਜੋ ਵੀ ਕੰਮ ਦਿੰਦਾ ਹੈ, ਸਾਨੂੰ ਉਸਨੂੰ ਵਿਸ਼ਵਾਸਯੋਗਤਾ ਦੇ ਨਾਲ ਕਰਨਾ ਚਾਹੀਦਾ। ਅਸੀਂ ਬੇਪਰਵਾਹੀ ਅਤੇ ਨਜ਼ਰਅੰਦਾਜ਼ੀ ਨਾਲ ਕਰਨ ਦੇ ਦੁਆਰਾ ਸੌਖੇ ਤਰੀਕੇ ਨਾਲ ਡਿੱਗ ਸਕਦੇ ਹਾਂ। ਕੁਝ ਲੋਕ ਅੱਧੇ ਦਿਲ ਨਾਲ ਕੰਮ ਕਰਨ ਤੇ ਬਿਲਕੁਲ ਸੰਤੁਸ਼ਟ ਹੋ ਜਾਂਦੇ ਹਨ। ਉਹ ਪੂਰਾ ਪ੍ਰਤੀਫਲ ਨਹੀਂ ਪਾਉਣਗੇ। ਪਰਮੇਸ਼ੁਰ ਨੇ ਮੈਨੂੰ ਜੋ ਕੁਝ ਦਿੱਤਾ ਉਸ ਦੇ ਦੁਆਰਾ ਮੈਨੂੰ ਮਨੁੱਖ ਨੂੰ ਨਹੀਂ ਸਗੋਂ ਪਰਮੇਸ਼ੁਰ ਨੂੰ ਹੀ ਖੁਸ਼ ਕਰਨਾ ਚਾਹੀਦਾ। ਜੋ ਥੋੜ੍ਹੇ ਜਿਹੇ ਵਿਚ ਵਿਸ਼ਵਾਸਯੋਗ ਹਨ ਉਹ ਬਹੁਤ ਵਿਚ ਵੀ ਵਿਸ਼ਵਾਸਯੋਗ ਹਨ (ਲੂਕਾ 16:10)। ਕੀ ਤੁਸੀਂ ਆਪਣੇ ਛੋਟੇ ਜਿਹੇ ਕੰਮ ਵਿਚ ਵਿਸ਼ਵਾਸਯੋਗ ਹੋ? ਤਾਂ ਹੀ

ਪੋਥੀ 3:21)। ਸਵਰਗ ਦੇ ਸੋਨੇਰੀ ਸਿੰਘਾਸਣ ਸਿਰਫ਼ ਬੈਠਣ ਦੇ ਲਈ ਬਣਾਏ ਗਏ ਹਨ ਇਵੇਂ ਨਾ ਸੋਚੋ। ਸਿੰਘਾਸਣ ਦਾ ਮਤਲਬ ਹੈ ਇਖ਼ਤਿਆਰ (1 ਕੁਰਿੰਥੀਆਂ 6:3)। ਕੀ ਤੁਸੀਂ ਜਾਣਦੇ ਨਹੀਂ ਕਿ ਤੁਸੀਂ ਸਵਰਗਦੂਤਾਂ ਦਾ ਨਿਆਂ ਕਰਨ ਵਾਲੇ ਹੋ। ਤੁਹਾਨੂੰ ਨਵੀਂ ਸ੍ਰਿਸ਼ਟੀ ਵਿਚ ਇਖ਼ਤਿਆਰ ਦਿੱਤਾ ਜਾਵੇਗਾ। ਪਰ ਤੁਹਾਨੂੰ ਸਵਰਗ ਨੂੰ ਇਸ ਦੇ ਕੁਝ ਲੋਕ ਸਦਾ ਪਰਮੇਸ਼ੁਰ ਦੇ ਸਾਹਮਣੇ ਇਕ ਭਿਖਾਰੀ ਦੇ ਵਾਂਗੂ ਹੀ ਵਿਵਹਾਰ ਕਰਦੇ ਹਾਂ, ਅਤੇ ਪਰਮੇਸ਼ੁਰ ਨੇ ਉਨ੍ਹਾਂ ਜੋ ਇਖ਼ਤਿਆਰ ਦਿੱਤਾ ਹੈ ਉਸ ਨੂੰ ਲਾਗੂ ਨਹੀਂ ਕਰਦੇ।

### 14. ਮਹਿਮਾ

2 ਥੱਸਲੁਨੀਕੀਆਂ 2:12, ਅਤੇ 2 ਥੱਸਲੁਨੀਕੀਆਂ 2:14; ਰੋਮੀਆਂ 8:17, ਜੇ ਅਸੀਂ ਆਪਣੇ ਲਈ ਦੁੱਖ ਝੱਲਦੇ ਹਾਂ, ਤਾਂ ਉਸਦੇ ਨਾਲ ਰਾਜ ਵੀ ਕਰੇਗਾ। ਯੂਹੰਨਾ 17:22 ਅਤੇ ਉਹ ਮਹਿਮਾ ਜੋ ਤੂੰ ਮੈਨੂੰ ਦਿੱਤੀ ਹੈ, ਮੈਂ ਉਨ੍ਹਾਂ ਨੂੰ ਦਿੱਤੀ ਹੈ। ਅਸੀਂ ਇਕ ਮਨੁੱਖ ਹੋਣ ਦੇ ਕਾਰਨ ਇੰਨੀਆਂ ਡੂੰਘੀਆਂ ਗੱਲਾਂ ਨੂੰ ਸਮਝ ਨਹੀਂ ਪਾਉਂਦੇ। ਕਲਪਨਾ ਕਰੋ ਕਿ ਇਕ ਮਹਾਨ ਆਦਮੀ ਇਸ ਸ਼ਹਿਰ ਵਿਚ ਆਉਂਦਾ ਹੈ। ਫੁੱਲਾਂ ਦੀਆਂ ਬਹੁਤ ਸਾਰੀਆਂ ਮਾਲਾਵਾਂ ਪਾ ਕੇ ਉਸ ਦਾ ਸਵਾਗਤ ਕੀਤਾ ਜਾਂਦਾ ਹੈ। ਕਲਪਨਾ ਕਰੋ ਕਿ ਤੁਹਾਨੂੰ ਉਨ੍ਹਾਂ ਦੇ ਲਾਗੇ ਬੈਠਣ ਦੇ ਲਈ ਬੁਲਾਇਆ ਜਾਂਦਾ ਹੈ, ਅਤੇ ਜੋ ਕੁਝ ਉਨ੍ਹਾਂ ਨੂੰ ਦਿੱਤਾ ਜਾਂਦਾ ਹੈ ਉਹ ਤੁਹਾਨੂੰ ਦੇ ਦਿੰਦਾ ਹੈ, ਜਦ ਕਿ ਤੁਸੀਂ ਉਨ੍ਹਾਂ ਚੀਜ਼ਾਂ ਨੂੰ ਪਾਉਣ ਦੀ ਯੋਗਤਾ ਨਹੀਂ ਰੱਖਦੇ। ਇਸ ਵਿਚਾਰ ਨੂੰ ਜਿੱਥੇ ਮੈਂ ਰੱਖਣਾ ਚਾਹੁੰਦਾ ਹਾਂ। ਜੇ ਅਸੀਂ ਆਨੰਦ ਦੇ ਨਾਲ ਪ੍ਰਭੂ ਯਿਸੂ ਮਸੀਹ ਦੇ ਲਈ ਦੁੱਖ ਭੋਗਦੇ ਹਾਂ, ਮਹਿਮਾ ਪ੍ਰਾਪਤੀ ਦੇ ਦਿਨ ਉਹ ਸਾਨੂੰ ਵੀ ਉਸਦੀ ਮਹਿਮਾ ਵਿਚ ਸ਼ਾਮਿਲ ਕਰੇਗਾ ਕਿਉਂਕਿ ਉਹ ਮਹਿਮਾ ਦਾ ਪ੍ਰਭੂ ਹੈ। ਇਸ ਗੱਲ ਨੂੰ ਯਾਦ ਰੱਖੋ ਕਿ ਉਹ ਮਹਿਮਾ ਸਿਰਫ਼ ਉਸ ਦੀ ਖ਼ਾਤਿਰ ਦੁੱਖ ਭੋਗਣ ਵਾਲਿਆਂ ਦੇ ਲਈ ਹੀ ਰਾਖਵੀਂ ਹੈ। ਜਦੋਂ ਕੋਈ ਵੱਡਾ ਆਦਮੀ ਸਟੇਸ਼ਨ ਤੇ ਆਉਂਦਾ ਹੈ ਤਾਂ ਉਸ ਦੇ ਲਈ ਲਾਲ ਰੰਗ ਦਾ ਗਲੀਚਾ ਵਿਛਾਇਆ ਜਾਂਦਾ ਹੈ ਤਾਂ ਕਿ ਉਹ ਉਸ ਉੱਤੇ ਚੱਲੇ। ਅਤੇ ਉਸ ਦੇ ਲਈ



ਇਕ ਖ਼ਾਸ ਸਿਖਲਾਈ ਦਿੱਤੀ ਜਾਂਦੀ ਹੈ। ਜੇ ਤੁਸੀਂ ਉਸ ਆਦਮੀ ਦਾ ਹੱਥ ਫੜਦੇ ਹੋ, ਤਾਂ ਤੁਸੀਂ ਵੀ ਇਨ੍ਹਾਂ ਸਹੂਲਤਾਂ ਦਾ ਲਾਭ ਚੁੱਕ ਸਕਦੇ ਹੋ। ਜਦੋਂ ਪ੍ਰਭੂ ਯਿਸੂ ਮਸੀਹ ਦੀ ਮਹਿਮਾ ਹੋਵੇਗੀ, ਜਦ ਉਸ ਦੇ ਲਈ ਦੁੱਖ ਭੋਗਣ ਵਾਲੇ ਦੀ ਵੀ ਮਹਿਮਾ ਹੋਵੇਗੀ। ਇਹ ਤਦ ਹੀ ਸੰਭਵ ਹੋਵੇਗਾ ਜਦੋਂ ਅਸੀਂ ਉਸ ਦੇ ਨਾਲ ਇਕ ਬਣ ਜਾਵਾਂਗੇ। ਯੂਹੰਨਾ 17:21 ਇਸ ਵਚਨ ਵਿਚ ਵੇਖੋ, ਉੱਥੇ ਪਹਿਲਾਂ ਸੰਗਤੀ ਵਿਚ ਏਕਤਾ ਹੈ (ਇਹ ਪਰਮੇਸ਼ੁਰ ਦੀ ਸਾਰੀ ਆਤਮਿਕ ਵੰਸ਼ ਦੀ ਏਕਤਾ ਹੈ), ਦੂਜੀ ਮਹਿਮਾ ਵਿਚ ਏਕਤਾ, ਅਤੇ ਤੀਜੇ ਸਿਧਾਂਤ ਵਿਚ ਏਕਤਾ ਹੈ, ਇਹ ਏਕਤਾ ਨੂੰ ਪ੍ਰਾਪਤ ਕਰਨ ਦੇ ਦੁਆਰਾ ਮਹਿਮਾ ਦੇ ਯੋਗ ਬਣ ਜਾਂਦੇ ਹਨ।

ਇਸ ਤਰ੍ਹਾਂ, ਇਨ੍ਹਾਂ ਸਾਰੀਆਂ ਗੱਲਾਂ ਦੇ ਜ਼ਰੀਏ ਅਸੀਂ ਵੇਖਦੇ ਹਾਂ ਕਿ ਇਸ ਨੂੰ *"ਮਹਾਨ ਮੁਕਤੀ"* ਕਿਉਂ ਆਖਿਆ ਗਿਆ ਹੈ। ਮੁਕਤੀ ਦੇ ਇਨ੍ਹਾਂ ਸਾਰੇ ਪਹਿਲੂਆਂ ਨੂੰ ਸਹੀ ਤਰੀਕੇ ਨਾਲ ਸਮਝਣ ਦੇ ਰਾਹੀਂ ਅਸੀਂ ਇਸ ਮੁਕਤੀ ਦਾ ਜ਼ਿਆਦਾ ਤੋਂ ਜ਼ਿਆਦਾ ਆਨੰਦ ਲੈ ਸਕਦੇ ਹਾਂ। ਜੇ ਤੁਸੀਂ ਕਿਸੇ ਅੰਗਰੇਜ਼ੀ ਆਦਮੀ ਨੂੰ ਅੰਬ ਦਿਓ ਜੋ ਕਦੇ ਭਾਰਤ ਵਿਚ ਨਾ ਆਇਆ ਹੋਵੇ, ਤਾਂ ਉਹ ਉਸਨੂੰ ਖਾਣ ਦੇ ਲਈ ਚਾਕੂ ਅਤੇ ਚਮਚ ਦੀ ਵਰਤੋਂ ਕਰੇਗਾ। ਪਰ ਉਹੀ ਅੰਬ ਕਿਸੇ ਭਾਰਤੀ ਆਦਮੀ ਨੂੰ ਦੇਵੋਗੇ, ਤਾਂ ਉਹ ਉਸ ਦੇ ਰਸ ਦੀ ਆਖਰੀ ਬੂੰਦ ਤੱਕ ਚੱਖੇਗਾ ਅਤੇ ਉਸ ਦੇ ਸਵਾਦ ਦਾ ਆਨੰਦ ਲਵੇਗਾ। ਜੇ ਤੁਸੀਂ ਕਿਸੇ ਬ੍ਰਾਹਮਣ ਨੂੰ ਮੱਛੀ ਦੇਵੋਗੇ ਤਾਂ, ਉਹ ਇਸਨੂੰ ਵੇਖ ਉਸ ਨੂੰ ਘਬਰਾਹਟ ਹੋਵੇਗੀ। ਪਰ ਉਹੀ ਮੱਛੀ ਕਿਸੇ ਬੰਗਾਲੀ ਆਦਮੀ ਨੂੰ ਦੇਵੋਗੇ ਤਾਂ ਉਹ ਉਸ ਦਾ ਬਹੁਤਾਇਤ ਨਾਲ ਆਨੰਦ ਲੈਣਗੇ। ਬਹੁਤ ਸਾਰੇ ਮੁਕਤੀ ਪਾਉਂਦੇ ਹਨ, ਪਰ ਉਹ ਉਸ ਮੁਕਤੀ ਦਾ ਪੂਰੇ ਤਰੀਕੇ ਨਾਲ ਆਨੰਦ ਨਹੀਂ ਲੈ ਪਾਉਂਦੇ। ਮੁਕਤੀ ਦਾ ਕੰਮ ਤੁਹਾਡੇ ਅੰਦਰ ਤਦ ਹੀ ਸ਼ੁਰੂ ਹੁੰਦਾ ਹੈ ਜਦੋਂ ਤੁਹਾਡਾ ਨਵਾਂ ਜਨਮ ਹੁੰਦਾ ਹੈ, ਪਰਮੇਸ਼ੁਰ ਦੇ ਵਚਨ ਦੀ ਸਹੀ ਸਮਝ (ਵਿਆਖਿਆ) ਸਾਨੂੰ ਸਾਡੀ ਮੁਕਤੀ ਦੇ ਆਨੰਦ ਨੂੰ ਪੂਰੀ ਤਰ੍ਹਾਂ ਮਹਿਸੂਸ ਕਰਨ ਵਿਚ ਮਦਦ ਕਰਦੀ ਹੈ।